ਬਹੁਤ ਸਪਸ਼ਟ 'ਕੌੜੇ' ਨਾ ਸਮਝਨ ਵਾਲੇ ਕਠੋਰ ਅਤੇ ਖਤਰਨਾਕ ਫਣ ਫੈਲਾਏ ਹੋਏ ਸਨ ਲੁਹਾਰ ਦੀ ਫੂਕਨੀ ਦੀ ਤਰਾਂ ਉਹ ਫ਼ੁਕਾਰ ਭਰਦਾ ਸੀ। ਉਹ ਭੈੜਾ, ਤੇਜ ਅਤੇ ਭਿਅੰਕਰ ਕਰੋਧ ਨਾਲ ਭਰਪੂਰ ਸੀ ਇਸ ਪ੍ਰਕਾਰ ਦਾ ਰੂਪ ਬਣਾ ਕੇ ਉਹ ਦੇਵਤਾ ਪੋਸ਼ਧਸ਼ਾਲਾ ਵਿਚ ਕਾਮਦੇਵ ਸ੍ਰਮਣਾਂ ਦੇ ਉਪਾਸਕ ਕੋਲ ਆਇਆ ਅਤੇ ਆਖਣ ਲਗਾ !"ਓਏ ਕਾਮਦੇਵ ਸ੍ਰਮਣਾਂ ਦੇ ਉਪਾਸਕ ! ਜੇ ਤੂੰ ਸੀਲ ਆਦਿ ਵਰਤ ਭੰਗ ਨਹੀਂ ਕਰੇਗਾ ਤਾਂ ਮੈਂ ਹੁਣ ਤੇਰੇ ਸਿਰ ਤੇ ਸਰ ਸਰ ਕਰਦਾ ਚੜ ਜਾਵਾਂਗਾ, ਗਲੇ ਨਾਲ ਲਿਪਟ ਜਾਵਾਂਗਾ। ਤਿਖੀ ਜਹਰਿਲੀ ਜਾੜਾਂ ਨਾਲ ਛਾਂਤੀ ਤੇ ਡੰਗ ਮਾਰਾਂਗਾ ਜਿਸ ਨੂੰ ਤੂੰ ਬਹੁਤ ਦੁਖ ਨਾਲ ਦੁਖੀ ਹੋਕੇ ਸਮੇ ਤੋਂ ਪਹਿਲਾ ਮਰ ਜਾਵੇਗਾ। 108।

ਸੱਪ ਦਾ ਰੂਪ ਧਾਰਨ ਕਰਨ ਵਾਲੇ ਉਸ ਦੇਵਤੇ ਦੇ ਆਖਣ ਤੇ ਵੀ ਉਹ ਨਿਡਰ ਰਿਹਾ ਅਤੇ ਧਰਮ ਵਿਚ ਸਥਿਰ ਰਿਹਾ। ਦੇਵਤੇ ਨੇ ਦੂਸਰੀ, ਤੀਸਰੀ ਵਾਰ ਇਸੇ ਪ੍ਰਕਾਰ ਕਿਹਾ। ਪਰ ਕਾਮਦੇਵ ਅਟਲ ਰਿਹਾ। 109।

ਜਦ ਸੱਪ ਦਾ ਰੂਪ ਧਾਰਨ ਕਰਨ ਵਾਲੇ ਦੇਵਤੇ ਨੇ ਕਾਮਦੇਵ ਸ੍ਰਮਣਾ ਦੇ ਉਪਾਸਕ ਨੂੰ ਨਿਡਰ ਤੇ ਧਿਆਨ ਵਿਚ ਸਥਿਰ ਵੇਖਿਆ ਤਾਂ ਉਹ ਗੁਸੇ ਨਾਲ ਸਰ-ਸਰ ਕਰਦਾ ਹੋਇਆ ਉਸਦੇ ਸਰੀਰ ਤੇ ਚੜਕੇ ਉਸਦੀ ਗਰਦਨ ਤੇ ਲਿਪਟ ਗਿਆ ਅਤੇ ਤਿਖੇ ਦੰਦਾ ਨਾਲ ਉਸਦੀ ਛਾਤੀ ਤੇ ਜਹਰੀਲੇ ਡੰਗ ਮਾਰਨ ਲਗਾ। 110।

ਕਾਮਦੇਵ ਸ੍ਰਮਣਾ ਦਾ ਉਪਾਸਕ ਉਸ ਅਸਹਿ ਕਸ਼ਟ ਨੂੰ ਸ਼ਾਂਤੀ ਨਾਲ ਸਹਿਨ ਕਰਦਾ ਰਿਹਾ। 111।

ਜਦ ਸੱਪ ਦਾ ਰੂਪ ਧਾਰਨ ਵਾਲੇ ਦੇਵਤੇ ਨੇ ਸੋਚਿਆ ਕਿ "ਕਾਮਦੇਵ ਸ੍ਰਮਣਾ ਦੇ ਉਪਾਸਕ ਨੂੰ ਨਿਰਗੰਰਥਾ ਦੇ ਉਪਦੇਸ ਤੋਂ ਗਿਰਾਉਣਾ ਉਸਦੇ ਵੱਸ ਦੀ ਗਲ ਨਹੀ ਤਾਂ ਉਹ ਹੋਲੀ ਹੋਲੀ ਵਾਪਸ ਆਇਆ। ਪੋਸ਼ਧਸ਼ਾਲਾ ਤੇ ਬਾਹਰ ਨਿਕਲ ਕੇ ਸੱਪ ਦਾ ਰੂਪ ਛਡ ਦਿਤਾ ਅਤੇ ਦੇਵਤੇ ਦਾ ਰੂਪ ਧਾਰਨ ਕਰ ਲਿਆ। 112।

ਉਸ ਦੇਵਤੇ ਦੀ ਛਾਤੀ ਉਪਰ ਪਹਿਨਿਆ ਹੋਇਆ ਹਾਰ ਦਸ ਦਿਸ਼ਾਵਾਂ ਨੂੰ ਪ੍ਰਕਾਸ਼ਿਤ ਕਰਨ ਵਾਲਾ, ਚਿੱਤ ਨੂੰ ਮੋਹਨ ਵਾਲ, ਵੇਖਣ ਯੋਗ, ਅਭੀਰੂਪ (ਰੂਪ ਅਨੁਸਾਰ) ਅਤੇ ਉਸਨੇ ਦੇਵਤੇ ਦਾ ਰੂਪ ਧਾਰਨ ਕੀਤਾ। ਉਹ ਦੇਵਤਾ ਪੋਸ਼ਧਸ਼ਾਲਾ ਵਿਚ ਆਇਆ ਅਤੇ ਅਕਾਸ਼ ਵਿਚ ਖੜਾ ਹੋ ਗਿਆ ਉਸਨੇ ਪੰਜ ਰੰਗਾਂ ਵਾਲੇ ਕਪੜੇ ਪਹਿਨੇ ਹੋਏ ਸਨ ਜਿਨਾਂ ਉਪਰ ਘੁੱਗਰੂ ਲਗੇ ਸਨ ਇਸਤੋਂ ਬਾਅਦ ਉਹ ਕਾਮਦੇਵ ਸ੍ਰਮਣਾ ਦੇ ਉਪਾਸਕ ਕੋਲ ਆਕੇ ਇਸ ਪ੍ਰਕਾਰ ਬੋਲਿਆ "ਹੇ ਦੇਵਾਨੁ ਪ੍ਰਿਯ ! ਤੁਸੀ ਧਨ ਹੋ, ਧੰਨਵਾਨ ਹੋ, ਸਭ ਲੱਛਣਾਂ ਵਾਲੇ ਹੋ, ਖੁਸ਼ ਕਰਨ ਵਾਲੇ ਹੋ, ਤੁਹਾਡਾ ਜੀਵਨ ਤੇ ਮਨੁੱਖੀ ਜਨਮ ਸਫਲ

ਹੈ, ਕਿਉਂਕਿ ਤੁਹਾਡੀ ਨਿਰਗੰਰਥ ਪ੍ਰਵਚਨ ਤੇ ਚਰਿਤ੍ਰ ਵਿੱਚ ਸ਼ਰਧਾ ਹੈ ਹੇ ਦੇਵਾਨੁਪ੍ਰਿਯ! ਦੇਵਰਾਜ ਸ਼ੁਕਰ ਨੇ ਚੌਰਾਸੀ ਹਜਾਰ ਸਾਮਾਨਿਕ ਅਤੇ ਹੋਰ ਦੇਵੀ ਦੇਵਤਿਆਂ ਦੀ ਸਭਾ ਵਿਚ ਇਹ ਘੋਸ਼ਨਾ ਕੀਤੀ ਹੈ ਕਿ—

"ਹੇ ਦੇਵਾਨੁਪ੍ਰਿਯ ਜੰਬੂ ਦੀਪ, ਭਰਤਖੰਡ ਵਿਚ ਚੰਪਾ ਨਗਰੀ ਹੈ ਉਥੇ ਸ਼੍ਰਮਣਾ ਦਾ ਉਪਾਸਕ, ਪੋਸ਼ਧਮਾਲਾ ਵਿਚ ਭਗਵਾਨ ਮਹਾਵੀਰ ਰਾਂਹੀ ਪ੍ਰਗਟ ਕੀਤੇ ਧਰਮ ਦੀ ਅਰਾਧਨਾਂ ਕਰ ਰਿਹਾ ਹੈ, ਕੋਈ ਵੀ ਦੇਵਤਾ ਅਸੁਰ ਜਾਂ ਗੰਧਰਵ ਉਸ ਨੂੰ ਧਰਮ ਤੋਂ ਨਹੀਂ ਗਿਰਾ ਸਕਦਾ, ਉਸਦੇ ਵਿਚਾਰਾਂ ਨੂੰ ਕੋਈ ਨਹੀਂ ਬਦਲ ਸਕਦਾ। ਦੇਵ ਰਾਜ ਸ਼ੁਕਰ ਦੀ ਇਸ ਗਲ ਤੇ ਮੈਂ ਯਕੀਨ ਨਾ ਕੀਤਾ ਅਤੇ ਮੈਂ ਫੌਰਨ ਇਥੇ ਆਇਆ, ਹੇ ਦੇਵਾਨੁਪ੍ਰਿਯ ! ਤੁਸਾਂ ਮਹਾਨ ਰਿਧੀ ਪ੍ਰਾਪਤ ਕੀਤੀ ਹੈ, ਹੇ ਦੇਵਾਨੁਪ੍ਰਿਯਾ ! ਮੇਰੇ ਕਾਰਣ ਜੋ ਆਪ ਨੂੰ ਕਸ਼ਟ ਹੋਇਆ ਉਸ ਲਈ ਮੈਨੂੰ ਖਿਮਾਂ ਕਰੋ, ਆਪ ਖਿਮਾਂ ਕਰਨ ਵਿਚ ਸਮਰਥ ਹੋ ਫੇਰ ਅਜਿਹੀ ਗਲ ਨਹੀ ਹੋਵੇਗੀ", ਇੰਨਾ ਆਖ ਕੇ ਉਹ ਕਾਮਦੇਵ ਦੇ ਪੈਰੀਂ ਗਿਰ ਕੇ ਵਾਰ ਵਾਰ ਖਿਮਾਂ ਮੰਗਣ ਲਗਾ ਫਿਰ ਜਿਥੋਂ ਆਇਆ ਸੀ ਉਸੇ ਦਿਸ਼ਾ ਵਲ ਚਲਾ ਗਿਆ। 113।

---

ਟੀਕਾਕਾਰ ਨੇ ਸ਼ੁਕਰ ਦੇ 12 ਨਾਂ ਆਖੇ ਹਨ।

1, ਸ਼ੁਕਰ—ਸਕਤੀਸਾਲੀ।

2. ਦੇਵੇਂਦਰ—ਦੇਵਤਿਆਂ ਦਾ ਸਵਾਮੀ।

3. ਦੇਵਰਾਜ—ਦੇਵਤਿਆਂ ਵਿਚ ਸ਼ੋਭਾ ਪਾਉਣ ਵਾਲਾ

4. ਵਜਰਪਾਣੀ—ਜਿਸਦੇ ਹਥ ਵਿਚ ਵਜ਼ਰ ਹੈ।

5. ਪੁਰੰਦਰ—ਅਸੁਰਾਂ ਦੇ ਸ਼ਹਿਰ ਖਤਮ ਕਰਨ ਵਾਲਾ

5. ਸ਼ਤਕਰਿਤੂ—100 ਵਾਰ ਸਰਾਵਕ ਦੀਆਂ 12 ਪ੍ਰਤਿਮਾਂ ਗ੍ਰਹਿਣ ਕਰਨ ਵਾਲਾਂ ਵੈਦਿਕ ਵਿਸ਼ਵਾਸ਼ ਅਨੁਸਾਰ 100 ਯਗ ਕਰਨ ਵਾਲਾ।

7. ਸ਼ਹਤਰ ਅਕਸ—ਭਾਵ ਹਜਾਰਅੱਖ ਵਾਲਾ ਇੰਦਰ ਦੇ ਪੰਜ ਸੌ ਮੰਤਰੀ ਹੁੰਦੇ ਹਨ ਇਸ ਲਈ ਉਹ $500 \times 2 = 1000$ ਅੱਖ ਵਾਲਾਂ ਹੈ।

8. ਮੇਘਵਾਨ—ਬਦਲਾਂ ਨੂੰ ਕਾਬੂ ਕਰਨ ਵਾਲਾ

9] ਪਾਕਸਾਸਨ—ਬਲਵਾਨ ਦੁਸ਼ਮਨਾ ਦਾ ਖਾਤਮਾ ਕਰਨ ਵਾਲਾ

10. ਦਕਿਸਨਾ ਅਰਧਾਪਤਿ—ਲੋਕ ਦਾ ਅਧਾ ਭਾਗ ਦੱਖਣ ਅਤੇ ਅੱਧਾ ਉਤੱਰ ਵਲ ਭਾਗ ਦਾ ਸਵਾਮੀ।

11. ਏਰਾਵਤ ਵਾਹਨ—ਇੰਦਰ ਦੇ ਹਾਥੀ ਦਾ ਨਾਂ ਏਰਾਵਤ ਹੈ ਇਸਤੇ ਸਵਾਰੀ ਕਰਨ ਕਾਰਣ ਇੰਦਰ ਏਰਾਵਤ ਵਾਹਨ ਹੈ।

12. ਸੁਰਿੰਦਰ—ਦੇਵਤਿਆਂ ਦਾ ਰਾਜਾ।

ਇਸਤੋਂ ਬਾਅਦ ਕਾਮਦੇਵ ਸ਼੍ਰਮਣਾ ਦੇ ਉਪਾਸਕ ਨੇ ਪ੍ਰਤਿਮਾਵਾਂ ਇਹ ਸੋਚਕੇ ਪੂਰੀਆਂ ਕੀਤੀਆਂ ਕਿ "ਹੁਣ ਕਸ਼ਟ ਟਲ ਗਿਆ ਹੈ।" ।114।

ਉਸ ਕਾਲ ਉਸ ਸਮੇਂ ਸ਼੍ਰਮਣ ਭਗਵਾਨ ਮਹਾਵੀਰ ਚੰਪਾ ਨਗਰੀ ਦੇ ਬਾਹਰ ਬਾਗ ਵਿਚ ਠਹਿਰੇ ।115।

ਕਾਮਦੇਵ ਸ਼੍ਰਮਣਾ ਦੇ ਉਪਾਸਕ ਨੇ ਜਦ ਸੁਣਿਆ ਕਿ "ਸ਼੍ਰਮਣ ਭਗਵਾਨ ਮਹਾਵੀਰ ਪਧਾਰ ਰਹੇ ਹਨ ਤਾ ਮਨ ਵਿਚਾਰ ਕੀਤਾ ਕਿ "ਚੰਗਾ ਹੋਵੇਗਾ ਕਿ ਮੈਂ ਸ਼੍ਰਮਣ ਭਗਵਾਨ ਮਹਾਵੀਰ ਨੂੰ ਨਮਸਕਾਰ ਕਰਕੇ ਪੋਸ਼ਧ ਦਾ ਵਰਤ ਖੋਲਾਂ' ਇਹ ਵਿਚਾਰ ਕੇ ਪਰਿਸ਼ਧ ਆਦਿ ਵਿਚ ਪ੍ਰਵੇਸ ਕਰਨ ਯੋਗ ਸੁਧ ਅਤੇ ਘੱਟ ਭਾਰ ਵਾਲੇ ਕੀਮਤੀ ਗਹਿਨੇ ਧਾਰਨ ਕੀਤੇ ਅਤੇ ਉਹ ਘਰੋਂ ਦਰਸ਼ਨ ਕਰਨ ਲਈ ਨਿਕਲ ਗਿਆ, ਚੰਪਾ ਨਗਰੀ ਵਿਚ ਹੁੰਦਾ ਹੋਇਆ ਉਹ ਪੂਰਨਭਦੱਰ ਚੇਤਯ ਵਿਚ ਪਹੁੰਚਿਆ ਅਤੇ ਸ਼ੰਖ ਦੀ ਤਰ੍ਹਾਂ ਭਗਤੀ ਕੀਤੀ ।116।

---

ਪਾਠ ਨੰ: 116 ਦੀ ਟਿੱਪਣੀ

ਸ਼ੰਖ ਸ਼੍ਰਮਣਾਂ ਦੇ ਉਪਾਸਕ ਦਾ ਵਰਨਣ ਸ੍ਰੀ ਭਗਵਤੀ ਸੂਤਰ ਦੇ 12ਵੇਂ ਸ਼ਤਕ ਦੇ 1 ਉਦੇਸ਼ਕ ਵਿਚ ਇਸ ਪ੍ਰਕਾਰ ਸੰਖੇਪ ਵਿਚ ਵਰਨਣ ਕੀਤਾ ਗਿਆ ਹੈ।

## ਸ਼ੰਖ ਗਾਥਾਪਤੀ

ਉਸ ਕਾਲ ਉਸ ਸਮੇ ਸ੍ਰਾਵਸਤੀ ਨਾਂ ਦੀ ਨਗਰੀ ਸੀ ਉਥੇ ਕੋਸ਼ਟਕ ਨਾਂ ਦਾ ਚੇਤਯ (ਸਮਾਰਕ ਮੰਦਿਰ) ਸੀ ਇਸ ਚੇਤਯ, ਬਗੀਚੇ, ਰਾਜੇ ਤੇ ਰਾਜ ਦਰਸ਼ਨ ਸਬੰਧੀ ਸਾਰਾ ਵਿਰਤਾਂਤ ਸ੍ਰੀ ਉਵਵਾਈ ਸੂਤਰ ਦੀ ਚੰਪਾ ਨਗਰੀ, ਪੂਰਨਭੱਦਰ ਚੈਤਯ ਤੇ ਕੋਣਿਕ ਦੀ ਤਰ੍ਹਾਂ ਹੀ ਸਮਝ ਲੈਣਾ ਚਾਹੀਦਾ ਹੈ) । ਉਸ ਨਗਰੀ ਵਿਚ ਸ਼ੰਖ ਆਦਿ ਪ੍ਰਮੁਖ ਬਹੁਤ ਸਾਰੇ ਅਮੀਰ ਸ਼੍ਰਮਣਾਂ ਦੇ ਉਪਾਸਕ ਰਹਿੰਦੇ ਸਨ ਉਹ ਸਾਰੇ ਜੀਵ ਅਜੀਵ ਆਦਿ ਨੌਂ ਤਤਵਾਂ ਦੇ ਜਾਣਕਾਰ ਅਤੇ ਜੈਨ ਧਰਮ ਅਨੁਸਾਰ ਜੀਵਨ ਗੁਜ਼ਾਰਦੇ ਸਨ।

ਉਸ ਸ਼ੰਖ ਦੇ ਉਤਪਲਾ ਨਾਂ ਦੀ ਖੂਬਸੂਰਤ ਅਤੇ ਗੁਣ ਭਰਪੂਰ ਪਤਨੀ ਸੀ। ਉਹ ਵੀ ਜੀਵ ਅਜੀਵ ਆਦਿ ਤਤਵਾਂ ਦੀ ਜਾਣਕਾਰ ਸੀ। ਉਹ ਸ਼੍ਰਮਣਾਂ ਦੀ ਉਪਾਸਿਕਾ ਸੀ। ਭਗਵਾਨ ਮਹਾਵੀਰ ਦੇ ਧਰਮ ਦਾ ਪਾਲਨ ਕਰਨ ਵਾਲੀ ਸੀ।

ਉਸ ਨਗਰੀ ਵਿਚ ਸ਼ੰਖ ਦੀ ਤਰ੍ਹਾਂ ਪੁਸ਼ਕਲੀ ਨਾਂ ਦਾ ਸ਼੍ਰਮਣਾਂ ਦਾ ਉਪਾਸਕ ਰਹਿੰਦਾ ਸੀ ਉਹ ਵੀ ਭਗਵਾਨ ਮਹਾਵੀਰ ਦੇ ਜੀਵ ਅਜੀਵ ਆਦਿ ਧਰਮ ਦਾ ਜਾਨਕਾਰ ਸੀ।

ਇਕ ਵਾਰ ਭਗਵਾਨ ਮਹਾਵੀਰ ਉਸ ਨਗਰੀ ਵਿਚ ਪਧਾਰੇ। ਸਮੋਸਰਨ ਲਗਿਆ ਸਾਰੇ ਸ਼੍ਰਾਵਕ (ਸ਼੍ਰਮਣਾਂ ਦੇ ਉਪਾਸਕ) ਭਗਵਾਨ ਦੀ ਭਗਤੀ, ਨਮਸਕਾਰ ਅਤੇ ਧਰਮ-ਕਥਾ

ਸੁਨਣ ਲਈ ਹਾਜ਼ਰ ਹੋਏ ਧਰਮ ਕਥਾ ਖਤਮ ਹੋਈ, ਸਾਰੇ ਸ਼੍ਰਾਵਕਾਂ ਨੇ ਕਥਾ ਸੁਣ ਕੇ ਪ੍ਰਸ਼ਨ ਪੁਛੇ, ਉੱਤਰ ਸੁਣ ਕੇ ਖੁਸ਼ ਹੋਏ ਇਸ ਤੋਂ ਬਾਅਦ ਘਰਾਂ ਨੂੰ ਆ ਗਏ।

ਘਰ ਆਕੇ ਸਾਰੇ ਸ਼੍ਰਾਵਕ ਇਕ ਥਾਂ ਇਕੱਠੇ ਹੋਏ। ਸ਼ੰਖ ਸ਼੍ਰਾਵਕ ਨੇ ਸਾਰੇ ਸ਼੍ਰਾਵਕਾਂ ਨੂੰ ਕਿਹਾ "ਅੱਜ ਤੁਸੀਂ ਉੱਤਮ ਖਾਣੇ ਤਿਆਰ ਕਰਾਓ ਅੱਜ ਆਪਾਂ ਖਾਣ ਪੀਣ ਵਾਲੀ ਪੋਸ਼ਧ ਭਾਵ ਦਯਾ ਵਰਤ ਕਰਾਂਗੇ। ਧਰਮ ਧਿਆਨ ਵੀ ਕਰਾਂਗੇ। ਧਰਮ-ਚਰਚਾ ਵੀ ਪੋਸ਼ਧਸ਼ਾਲਾ ਵਿਚ ਕਰਾਂਗੇ"। ਸਾਰੇ ਸ਼੍ਰਾਵਕ ਮੰਨ ਗਏ।

ਪਰ ਉਨ੍ਹਾਂ ਦੇ ਜਾਣ ਤੋਂ ਬਾਅਦ ਸ਼ੰਖ ਨੇ ਸੋਚਿਆ ਕਿ ਖਾਣ ਪੀਣ ਵਾਲੀ ਪੋਸ਼ਧ ਕਰਨਾ ਮੇਰੇ ਲਈ ਉਚਿਤ ਨਹੀਂ ਮੈਂ ਅਪਣੀ ਪੋਸ਼ਧਸ਼ਾਲਾ ਵਿਚ, ਬ੍ਰਹਮਚਰਜ ਦਾ ਵਰਤ ਕਰਦਾ ਹੋਇਆ ਗਹਿਣੇ ਤਿਆਗਦਾ ਹੋਇਆ ਹਥਿਆਰ ਤੇ ਸ਼ਿੰਗਾਰ ਤਿਆਗ ਕੇ ਘਾਹ ਦੇ ਵਿਛੌਨੇ ਉਪਰ ਬਿਨਾ ਕਿਸੇ ਦੀ ਸਹਾਇਤਾ ਤੋਂ ਇਕੱਲਾ ਪੋਸ਼ਧ ਵਰਤ ਕਰਾਂ"। ਅਜੇਹਾ ਸੋਚ ਕੇ ਉਹ ਘਰ ਆਇਆ। ਟੱਟੀ, ਪੇਸ਼ਾਬ ਯੋਗ ਥਾਂ ਪੋਸ਼ਧਸ਼ਾਲਾ ਵਿਚ ਚੁਣ ਕੇ ਉਹ ਜ਼ਮੀਨ ਸਾਫ਼ ਕਰਕੇ ਪੋਸ਼ਧ ਕਰਨ ਲੱਗਾ।"

ਉਧਰ ਦੂਸਰੇ ਸਾਥੀ ਸਵਾਦੀ ਖਾਣੇ ਤਿਆਰ ਕਰਕੇ ਸ਼ੰਖ ਦਾ ਇੰਤਜ਼ਾਰ ਕਰ ਰਹੇ ਸਨ। ਉਨ੍ਹਾਂ ਸ਼ੰਖ ਸ਼੍ਰਮਣਾਂ ਦੇ ਉਪਾਸਕ ਨੂੰ ਸ਼ੰਖ ਦੇ ਘਰ ਬੁਲਾਵਾ ਭੇਜਿਆ। ਪਰ ਸ਼ੰਖ ਤਾਂ ਪੋਸ਼ਧ ਸ਼ਾਲਾ ਵਿਚ ਸੀ। ਉਸ ਦੀ ਪਤਨੀ ਉਤਪਲਾ ਨੇ ਸ਼ੰਖ ਦੇ। ਪੋਸ਼ਧ ਵਰਤ ਕਰਨ ਦੀ ਕਹਾਣੀ ਪੁਸ਼ਕਲ ਸ਼੍ਰਾਵਕ ਨੂੰ ਸੁਣਾਈ।

ਪੁਸ਼ਕਲ, ਸ਼ੰਖ ਨੂੰ ਮਿਲਣ ਪੋਸ਼ਧਸ਼ਾਲਾ ਆਇਆ ਪਰ ਸ਼ੰਖ ਨੇ ਉਸਨੂੰ ਅਪਣੇ ਵਿਚਾਰ ਦਸ ਦਿਤੇ ਕਿ ਉਹ ਖਾਣ ਪੀਣ ਵਾਲੀ ਪੋਸ਼ਧ ਨਹੀਂ ਕਰੇਗਾ"। ਪੁਸ਼ਕਲ ਨੇ ਨਿਰਾਸ਼ ਹੋ ਕੇ ਇਹ ਵਿਚਾਰ ਸਾਰੇ ਸਾਥੀਆਂ ਨੂੰ ਦੱਸੇ ਅਤੇ ਇਹ ਆਖ ਦਿਤਾ ਕਿ ਪੁਸ਼ਕਲ ਨਹੀਂ ਆਵੇਗਾ"।

ਪੋਸ਼ਧ ਵਾਲੀ ਰਾਤ ਸ਼ੰਖ ਨੇ ਧਰਮ ਧਿਆਨ ਕਰਦਿਆਂ ਬਿਤਾਈ। ਸਵੇਰ ਹੋਣ ਤੇ ਸਾਰੇ ਸ਼੍ਰਾਵਕ ਤੇ ਸ਼ੰਖ ਭਗਵਾਨ ਮਹਾਵੀਰ ਦਾ ਕਲਿਆਣਕਾਰੀ ਉਪਦੇਸ਼ ਸੁਨਣ ਗਏ। ਸਾਰਿਆਂ ਭਗਵਾਨ ਮਹਾਵੀਰ ਦੇ ਹੁਕਮ ਨੂੰ ਮੰਨਣ ਦਾ ਪ੍ਰਣ ਲਿਆ।

ਧਰਮ ਕਥਾ ਤੋਂ ਬਾਅਦ ਬਹੁਤ ਸਾਰੇ ਸ਼੍ਰਾਵਕ ਸ਼ੰਖ ਨੂੰ ਉਲਾਂਭਾ ਦੇਣ ਲਗੇ "ਹੇ ਦੇਵਾਨੁਪ੍ਰਿਯ ! ਅਸੀਂ ਆਪ ਦੇ ਆਖੇ ਬਹੁਤ ਸਾਰਾ ਸੁਆਦੀ ਭੋਜਨ ਤਿਆਰ ਕੀਤਾ ਪਰ ਆਪ ਨਹੀਂ ਆਏ। ਤੁਸੀਂ ਸਾਡੇ ਨਾਲ ਚੰਗਾ ਮਜ਼ਾਕ ਕੀਤਾ ਹੈ ?"

ਉਨ੍ਹਾਂ ਸ਼੍ਰਾਵਕਾਂ ਦੀ ਗੱਲ ਨੂੰ ਸੁਣ ਕੇ ਭਗਵਾਨ ਮਹਾਵੀਰ ਨੇ ਸੰਬੋਧਨ ਕੀਤਾ "ਹੇ ਆਰੀਆ ! ਤੁਸੀਂ ਲੋਕ ਸ਼ੰਖ ਸ਼੍ਰਾਵਕ ਦੀ ਨਿੰਦਾ, ਬੇਇਜ਼ਤੀ, ਹਾਂਸਾ ਮਜ਼ਾਕ ਨਾ ਕਰੋ

ਇਸ ਤੋਂ ਬਾਅਦ ਸ਼ੰਖ ਸ਼੍ਰਾਵਕ ਨੇ ਵੀ ਭਗਵਾਨ ਮਹਾਵੀਰ ਪਾਸੋਂ ਕਸ਼ਾਏ ਅਤੇ ਕਰਮਾਂ ਸਬੰਧੀ ਪ੍ਰਸ਼ਨ ਪੁਛੇ। ਫੇਰ ਸਾਰੇ ਸ਼੍ਰਾਵਕ ਪ੍ਰਸ਼ਨ ਕਰਨ ਪਿਛੋਂ ਘਰ ਆਏ।

ਇਸਤੋਂ ਬਾਅਦ ਸ਼੍ਰਮਣ ਭਗਵਾਨ ਮਹਾਵੀਰ ਨੇ ਕਾਮਦੇਵ ਸ਼੍ਰਮਣਾ ਦੇ ਉਪਾਸਕ ਅਤੇ ਵਿਸ਼ਾਲ ਜਨ ਸਮੂਹ ਨੂੰ ਧਰਮ ਉਪਦੇਸ਼ ਦਿਤਾ। ਧਰਮ ਕਥਾ ਸਮਾਪਤ ਹੋਈ ।117।।

ਸ਼੍ਰਮਣ ਭਗਵਾਨ ਮਹਾਵੀਰ ਨੇ ਕਾਮਦੇਵ ਸ਼੍ਰਮਣਾ ਦੇ ਉਪਾਸਕ ਤੋਂ ਪੁਛਿਆ ਹੇ ਕਾਮਦੇਵ! ਅੱਧੀ ਰਾਤ ਇਕ ਦੇਵਤਾ ਤੇਰੇ ਕੋਲ ਆਇਆ ਫਿਰ ਉਸ ਦੇਵਤੇ ਨੇ ਇਕ ਖਤਰਨਾਕ ਪਿਸ਼ਾਚ ਦਾ ਰੂਪ ਧਾਰਨ ਕਰਕੇ ਨੀਲੇ ਕਮਲ ਦੀ ਤਰਾਂ ਚਮਕਦੀ ਤਲਵਾਰ ਲੈ ਕੇ ਤੈਨੂੰ ਇਸ ਪ੍ਰਕਾਰ ਆਖਣ ਲਗਾ" ਹੇ ਕਾਮਦੇਵ ਜੇ ਤੂੰ ਸੀਲ ਆਦਿ ਵਰਤ ਭੰਗ ਨਹੀਂ ਕਰੇਗਾ ਤਾਂ ਤੈਨੂੰ ਮਾਰ ਦੇਵਾਂਗਾ" ਤੂੰ ਉਸ ਦੇਵਤੇ ਦੇ ਇਸ ਪ੍ਰਕਾਰ ਆਖਣ ਤੇ ਵੀ ਧਰਮ ਵਿਚ ਸਥਿਰ ਰਿਹਾ (ਇਸ ਪ੍ਰਕਾਰ ਤਿੰਨ ਉਪਸਰਗਾਂ ਦਾ ਵਰਨਣ ਕੀਤਾ) ਫਿਰ ਦੇਵਤਾ ਵਾਪਿਸ ਹੋ ਗਿਆ। ਹੇ ਕਾਮਦੇਵ ਕਿ ਇਹ ਗਲ ਠੀਕ ਹੈ? ਕਾਮਦੇਵ ਨੇ ਕਿਹਾ "ਹਾਂ ਭਗਵਾਨ ਆਪ ਜੋ ਫਰਮਾ ਰਹੇ ਹੋ, ਸੋ ਸੱਚ ਹੈ" ।118।

ਸ਼੍ਰਮਣ ਭਗਵਾਨ ਮਹਾਵੀਰ ਨੇ ਸਾਧੂ, ਸਾਧਵੀਆਂ ਨੂੰ ਇਕਠੇ ਕਰਕੇ ਇਹ ਫਰਮਾਇਆ ਹੇ ਆਰੀਆ (ਸ਼੍ਰੇਸ਼ਟ) ਜੇ ਸ਼੍ਰਮਣਾ ਦਾ ਉਪਾਸਕ ਘਰ ਵਿਚ ਰਹਿਕੇ ਦੇਵਤੇ ਸੰਬੰਧੀ, ਮਨੁੱਖ ਸੰਬੰਧੀ ਅਤੇ ਪਸ਼ੂ ਸੰਬੰਧੀ ਦੁੱਖ ਆਸਾਨੀ ਨਾਲ ਝੱਲ ਸਕਦਾ ਹੈ ਤਾਂ, ਫਿਰ ਤੁਸੀਂ ਤਾਂ 12

---

ਕਿਉਂਕਿ ਸ਼ੰਖ ਸ਼੍ਰਾਵਕ ਧਰਮ ਦਾ ਪ੍ਰੇਮੀ ਹੈ, ਧਰਮ ਵਿਚ ਮਜ਼ਬੂਤ ਹੈ ਇਸ ਨੇ ਤਾਂ ਪ੍ਰਮਾਦ (ਅਣਗਹਿਲੀ) ਅਤੇ ਨੀਂਦ ਨੂੰ ਛੱਡ ਕੇ ਸੁਦਰਸ਼ਨ ਜਾਗਰਿਕਾ ਨਾਂ ਦਾ ਧਾਰਮਿਕ ਤਪ (ਜਗਰਾਤਾ) ਕੀਤਾ ਹੈ।"

ਇਸ ਤੋਂ ਬਾਅਦ ਭਗਵਾਨ ਮਹਾਵੀਰ ਨੇ ਧਾਰਮਿਕ ਜਗਰਾਤੇ ਦੀਆਂ ਤਿੰਨ ਕਿਸਮਾਂ ਦੀ ਵਿਆਖਿਆ ਕੀਤੀ।

1. ਬੁਧ ਜਾਗਰਿਕਾ—ਸਰਵੱਗ, ਕੇਵਲ ਗਿਆਨੀ ਤੀਰਥੰਕਰਾਂ ਦਾ ਧਾਰਮਿਕ ਜਗਰਾਤਾ ਬੁਧ ਜਾਗਰਿਕਾ ਹੈ।
2. ਅਬੁਧ ਜਾਗਰਿਕਾ—ਜੋ ਭਿਕਸ਼ੂ ਪੰਜ ਸਮਿਤੀ, ਤਿੰਨ ਗੁਪਤੀ ਤੇ ਪੰਜ ਮਹਾਵਰਤਾਂ ਦਾ ਠੀਕ ਢੰਗ ਨਾਲ ਪਾਲਨ ਕਰਦੇ ਹਨ ਉਨ੍ਹਾਂ ਦਾ ਧਾਰਮਿਕ ਜਗਰਾਤਾ ਅਬੁਧ-ਜਾਗਰਿਕਾ ਹੈ।
3. ਸੁਦਰਸ਼ਨ ਜਾਗਰਿਕਾ—ਜੀਵ, ਅਜੀਵ ਦੇ ਜਾਣਕਾਰ ਸ਼੍ਰਾਵਕਾਂ ਦਾ ਧਾਰਮਿਕ ਜਾਗਰਨ ਸੁਦਰਸ਼ਨ ਜਾਗਰਿਕਾ ਹੈ।

ਅੰਗਾਂ ਦੇ ਜਾਨਕਾਰ ਹੋ ਤੁਸੀ ਕਿਉਂ ਨਹੀਂ ਇਹ ਕਸ਼ਟ ਝਲ ਸਕਦੇ) (ਭਾਵ ਤੁਹਾਨੂੰ ਵੀ ਉਪਰੋਕਤ ਕਸਟਾਂ ਵਿਚ ਕਾਮਦੇਵ ਦੀ ਤਰਾਂ ਦਰਿੜ ਰਹਿਨਾ ਚਾਹੀਦਾ ਹੈ ।119।

ਸ਼੍ਰਮਣ ਭਗਵਾਨ ਮਹਾਂਵੀਰ ਦੇ ਇਸ ਬਚਨ ਨੂੰ ਸਾਧੂ ਆਪਣੀਆਂ ਵਿਨੇ ਪੂਰਬਕ (ਤਹਿਤ) ਆਖਕੇ ਅੰਗੀਕਾਰ ਕੀਤਾ ।120।

ਕਾਮਦੇਵ ਸ਼੍ਰਮਣਾ ਦੇ ਉਪਾਸਕ ਨੇ ਖੁਸ਼ ਹੋਕੇ ਭਗਵਾਨ ਮਹਾਵੀਰ ਤੋਂ ਪ੍ਰਸ਼ਨ ਪੁੱਛੇ, ਉਨਾਂ ਦੇ ਪ੍ਰਸ਼ਨਾ ਦੇ ਅਰਥ ਨੂੰ ਗ੍ਰਹਿਣ ਕੀਤਾ ਅਤੇ ਫਿਰ ਨਮਸ਼ਕਾਰ ਕਰਕੇ ਜਿਸ ਦਿਸਾ ਤੋਂ ਆਇਆ ਸੀ ਉਧਰ ਨੂੰ ਵਾਪਸ ਹੋ ਗਿਆ ।121।

ਇਸਤੋਂ ਬਾਅਦ ਸ਼੍ਰਮਣ ਭਗਵਾਨ ਮਹਾਵੀਰ ਚੰਪਾ ਨਗਰੀ ਤੋਂ ਚਲਕੇ ਹੋਰ ਦੇਸਾਂ ਵਿਚ ਧਰਮ ਉਪਦੇਸ਼ ਕਰਨ ਲਗੇ ।122।

ਫਿਰ ਕਾਮਦੇਵ ਨੇ ਪਹਿਲੀ ਪ੍ਰਤਿਮਾਂ ਗ੍ਰਹਿਣ ਕੀਤੀ ।123।

ਇਸਤੋਂ ਬਾਅਦ ਕਾਮਦੇਵ ਸ਼੍ਰਮਣਾ ਦਾ ਉਪਾਸਕ ਬਹੁਤ ਸਾਰੀਆਂ ਪ੍ਰਤਿਗਿਆਵਾਂ ਕਰਦਾ ਹੋਇਆ, ਵੀਹ ਸਾਲ ਸ਼੍ਰਾਵਕ ਧਰਮ ਦਾ ਪਾਲਣ ਕਰਦਾ ਹੋਇਆ 11 ਪ੍ਰਤਿਮਾਵਾਂ ਦਾ ਪਾਲਣ ਕਰਕੇ ਇਕ ਮਹੀਨੇ ਦਾ ਸੰਥਾਰਾ ਕਰਕੇ, ਪਾਪਾਂ ਤੋਂ ਮੁਕਤ ਹੋਕੇ ਸਮਾਧੀ ਮਰਨ ਨੂੰ ਪ੍ਰਾਪਤ ਹੋਇਆ। ਮਰਕੇ ਸੌਧਰਮ ਦੇਵ ਲੋਕ ਦੇ ਸੌਧਰਮਾਵੰਤਸਕ ਮਹਾਂਵਿਮਾਨ ਵਿਚ ਪੈਦਾ ਹੋਇਆ ।124।

"ਗੌਤਮ ਨੇ ਪੁੱਛਿਆ ਹੇ ਭਗਵਾਨ ਉਹ ਕਾਮਦੇਵ ਉਸ ਦੇਵ ਲੋਕ ਦੀ ਉਪਰ ਪੂਰੀ ਉਮਰ ਪੂਰੀ ਕਰਕੇ ਕਿਥੇ ਪੈਦਾ ਹੋਵੇਗਾ !" ਭਗਵਾਨ ਨੇ ਕਿਹਾ, "ਹੇ ਗੌਤਮ ਮਹਾਂਵਿਦੇਹ ਖੇਤਰ ਵਿਚ ਉਹ ਪੈਦਾ ਹੋਕੇ ਸਿੱਧ ਗਤੀ, ਨਿਰਵਾਨ ਨੂੰ ਪ੍ਰਾਪਤ ਕਰੇਗਾ ।125।



## ● ੩ ●

ਭਗਵਾਨ ਮਹਾਵੀਰ ਅਪਣੇ 18ਵੇਂ ਚੌਮਾਸੇ ਵਿਚ ਜਦ ਵਾਰਾਣਸੀ ਪਹੁੰਚੇ ਤਾਂ ਚੁਲਣੀ-ਪਿਤਾ ਨੇ ਦੀਖਿਆ ਲਈ। ਇਸ ਦਾ ਵਰਤ ਤੇ ਪ੍ਰਤਿਮਾ ਗ੍ਰਹਿਣ ਕਰਨ ਦਾ ਵਰਨਣ ਆਨੰਦ ਤੇ ਕਾਮਦੇਵ ਉਪਾਸਕਾਂ ਦੀ ਤਰ੍ਹਾਂ ਹੀ ਸੀ। ਪੌਸ਼ਧ ਕਰਦੇ ਸਮੇਂ ਇਕ ਦੇਵਤਾ ਇਸ ਉਪਾਸਕ ਦੇ ਪੁਤਰਾਂ ਨੂੰ ਮਾਰਨ ਦੀ ਧਮਕੀ ਦਿੰਦਾ ਹੈ। ਚੁਲਨੀਪਿਤਾ ਇਸ ਧਮਕੀ ਦੀ ਤਾਂ ਕੋਈ ਪਰਵਾਹ ਨਹੀਂ ਕਰਦਾ, ਪਰ ਜਦ ਇਹ ਦੇਵਤਾ ਚੁਲਨੀਪਿਤਾ ਦੀ ਮਾਂ ਨੂੰ ਮਾਰਨ ਦੀ ਧਮਕੀ ਦਿੰਦਾ ਹੈ ਤਾਂ ਦੇਵਤੇ ਦੀ ਚਾਲ ਕਾਰਣ ਇਸ ਦਾ ਧਿਆਨ ਭੰਗ ਹੋ ਜਾਂਦਾ ਹੈ। ਇਸ ਦੀ ਮਾਂ ਹੀ ਇਸਨੂੰ ਧਰਮ ਵਿਚ ਸਥਾਪਿਤ ਕਰਦੀ ਹੈ। ਅੰਤਮ ਸਮੇਂ ਇਹ ਸੌਧਰਮ ਕਲਪ, ਸ਼ੌਧਰਮਾਣਹੰਸਕ ਦੇ ਉਤਰ ਪੂਰਵ ਈਸ਼ਾਂਕੋਣ ਵਿਚ ਸਥਿਤ ਅਰੁਣਪ੍ਰਭ ਨਾਂ ਦੇ ਵਿਮਾਨ ਵਿਚ 4 ਪਲਯੋਪਮ ਦੀ ਉਮਰ ਵਾਲਾ ਦੇਵਤਾ ਬਣਿਆ। ਅੰਤ ਵਿਚ ਇਹ ਵੀ ਸਿੱਧ, ਬੁੱਧ ਬਣਕੇ ਆਤਮਾ ਦਾ ਕਲਿਆਨ ਕਰੇਗਾ।

# ਤੀਸਰਾ ਅਧਿਐਨ

ਸ੍ਰੀ ਸੁਧਰਮਾ ਸਵਾਮੀ, ਜੰਬੂ ਸਵਾਮੀ ਨੂੰ ਆਖਦੇ ਹਨ, ਹੇ ਜੰਬੂ। ਉਸ ਕਾਲ, ਉਸ ਸਮੇਂ ਵਾਰਾਨਸੀ ਨਾਂ ਦੀ ਨਗਰੀ ਸੀ, ਉਥੇ ਕੋਸ਼ਟਕ ਨਾਂ ਦਾ ਚੇਤਯ ਸੀ, ਜਿਤ ਸ਼ਤਰੂ ਨਾਂ ਦਾ ਰਾਜਾ ਰਾਜ ਕਰਦਾ ਸੀ।126।

ਉਸ ਵਾਰਾਨਸੀ ਨਗਰੀ ਵਿਚ ਚੁਲਨੀਪਿਤਾ ਨਾਂਓ ਦਾ ਗਾਥਾਪਤੀ ਰਹਿੰਦਾ ਸੀ ਉਹ ਹਰ ਪ੍ਰਕਾਰ ਨਾਲ ਭਰਪੂਰ ਸੀ। ਉਸਦੀ ਸ਼ਿਆਮਾਂ ਨਾਂ ਦੀ ਇਸਤਰੀ ਸੀ। ਉਸ ਕੋਲ 8 ਕਰੋੜ ਸੋਨੇ ਦੀਆਂ ਮੋਹਰਾਂ ਜਮਾਂ ਸਨ। 8 ਕਰੋੜ ਦੀਆਂ ਮੋਹਰਾਂ ਵਪਾਰ ਵਿੱਚ ਲਗੀਆਂ ਸਨ। 8 ਕਰੋੜ ਸੋਨੇ ਦੀਆਂ ਮੋਹਰਾਂ ਦਾ ਸਮਾਨ ਘਰ ਵਿਚ ਸੀ। 10 ਹਜਾਰ ਗਊਆਂ ਦੀ ਸੰਖਿਆ ਵਾਲੇ 8 ਗੋਕੁਲ (80000) ਗਾਂਵਾਂ ਦੇ ਸਨ। ਉਹ ਵੀ ਆਨੰਦ ਦੀ ਤਰਾਂ ਰਾਜਾ, ਈਸ਼ਵਰ ਆਦਿ ਦਾ ਸਹਾਰਾ ਅਤੇ ਸਭ ਪ੍ਰਕਾਰ ਦੇ ਕੰਮਾਂ ਵਿਚ ਹਿੱਸਾ ਲੈਣ ਵਾਲਾ ਸੀ।127।

ਇਕ ਸਮੇਂ ਉਸ ਸ਼ਹਿਰ ਭਗਵਾਨ ਮਹਾਵੀਰ ਵਾਰਾਨਸੀ ਪਧਾਰੇ। ਭਾਸ਼ਨ ਸੁਣਨ ਲਈ ਲੋਕ ਆਏ। ਚੁਲਨੀ-ਪਿਤਾ ਵੀ ਆਨੰਦ ਦੀ ਤਰ੍ਹਾਂ ਘਰੋਂ ਉਪਦੇਸ਼ ਸੁਨਣ ਲਈ ਨਿਕਲਿਆ। ਉਸਨੇ ਵੀ ਗ੍ਰਹਿਸਥ ਧਰਮ ਆਨੰਦ ਦੀ ਤਰ੍ਹਾਂ ਅੰਗੀਕਾਰ ਕੀਤਾ। ਉਸਨੇ ਗਣਧਰ ਗੌਤਮ ਤੋਂ ਪ੍ਰਸ਼ਨ ਪੁਛੇ। ਬਾਕੀ ਦਾ ਵਿਰਤਾਂਤ ਕਾਮਦੇਵ ਉਪਾਸਕ ਦੀ ਤਰ੍ਹਾਂ ਜਾਣ ਲੈਣਾ ਚਾਹੀਦਾ ਹੈ। ਉਹ ਵੀ ਪੋਸਧਸ਼ਾਲਾ ਵਿਚ ਬ੍ਰਹਮਚਰਜ ਵਰਤ ਸਵੀਕਾਰ ਕਰਦੇ ਹੋਏ ਭਗਵਾਨ ਮਹਾਵੀਰ ਰਾਹੀਂ ਦਸੇ ਧਰਮ ਦਾ ਆਚਰਣ ਕਰਨ ਲਗਾ। 128।

ਇਸ ਤੋਂ ਬਾਅਦ ਉਸ ਚੁਲਨੀ-ਪਿਤਾ ਸ਼੍ਰਮਣਾ ਦੇ ਉਪਾਸਕ ਕੋਲ ਅਧੀ ਰਾਤ ਨੂੰ ਇਕ ਦੇਵ ਆਇਆ।129।

ਉਹ ਦੇਵਤਾ ਨੀਲੇ ਕਮਲ ਦੀ ਤਲਵਾਰ ਲੈਕੇ, ਚੁਲਨੀ-ਪਿਤਾ ਸ਼੍ਰਮਣਾ ਦੇ ਉਪਾਸਕ ਨੂੰ ਬੋਲਿਆ "ਹੇ ਚੁਲਨੀਪਿਤਾ ਸ਼੍ਰਮਣਾ ਦੇ ਉਪਾਸਕ ਤ ਭਗਵਾਨ ਮਹਾਵੀਰ ਦਾ ਧਰਮ ਛੱਡ ਦੇ। ਉਸ ਨੇ ਚੁਲਨੀਪਿਤਾ ਨੂੰ ਉਸੇ ਪ੍ਰਕਾਰ ਕਿਹਾ ਜਿਵੇਂ ਕਾਮਦੇਵ ਨੂੰ ਕਿਹਾ ਸੀ ਕਿ

---

ਪਾਠ ਨੰ। 126 ਦੀ ਟਿੱਪਣੀ।

1, ਕਈ ਜਗ੍ਹਾ ਇਥੇ ਮਹਾਬਨ ਨਾਂ ਦੇ ਚੇਤਯ ਦਾ ਨਾਂ ਆਉਂਦਾ ਹੈ।

"ਜੇ ਤੂੰ ਸ਼ੀਲ ਆਦਿ ਵਰਤ ਨਹੀਂ ਛਡੇਂਗਾ ਤਾਂ ਮੈਂ ਤੇਰੇ ਬੜੇ ਪੁੱਤਰ ਨੂੰ ਤੇਰੇ ਸਾਹਮਣੇ ਮਾਰ ਕੇ ਤਿੰਨ ਟੁਕੜੇ ਕਰ ਦੇਵਾਂਗਾ, ਬਰਛੀ ਵਿਚ ਪਰੋ ਕੇ ਤੇਲ ਦੇ ਉਬਲਦੇ ਕੜਾਹੇ ਵਿਚ ਪਕਾਵਾਂਗਾ, ਤੇਰੇ ਉਤੇ ਉਸਦਾ ਮਾਸ ਸੁਟਾਂਗਾ, ਉਸਦੇ ਲਹੂ ਦੇ ਛਿੱਟੇ ਪਾਵਾਂਗਾ, ਸਿਟੇ ਵਜੋਂ ਤੂੰ ਵੀ ਚਿੰਤਾ ਵਿਚ ਦੁਖੀ ਅਤੇ ਬੇਵਸ ਹੋ ਕੇ ਮਰ ਜਾਵੇਂਗਾ ।130।

ਇਸ ਤੋਂ ਬਾਅਦ ਦੇਵਤਾ ਦੇ ਅਜਿਹਾ ਆਖਣ ਤੇ ਵੀ ਚੁਲਨੀਪਿਤਾ ਸ੍ਰਮਣਾ ਦਾ ਉਪਾਸਕ ਨਿਡਰ ਰਿਹਾ ।131।

ਇਸ ਤੋਂ ਬਾਅਦ ਜਦ ਦੇਵਤੇ ਨੇ ਸ੍ਰਮਣਾ ਦੇ ਉਪਾਸਕ ਨੂੰ ਸ਼ਾਂਤ ਤੇ ਨਿਡਰ ਵੇਖਿਆ ਤਾਂ ਦੂਸਰੀ ਤੇ ਤੀਸਰੀ ਵਾਰ ਅਜਿਹੀ ਗੱਲ ਫੇਰ ਆਖੀ । ਪਰ ਚੁਲਨੀ-ਪਿਤਾ ਸ੍ਰਮਣਾ ਦਾ ਉਪਾਸਕ ਪਹਿਲਾਂ ਦੀ ਤਰ੍ਹਾਂ ਨਿਡਰ ਰਿਹਾ ।132।

ਇਸ ਤੋਂ ਬਾਅਦ ਉਹ ਦੇਵਤਾ ਗੁਸੇ ਹੋਕੇ ਚੁਲਨੀ ਪਿਤਾ ਸ੍ਰਮਣਾਂ ਦੇ ਉਪਾਸਕ ਦੇ ਬੜੇ ਪੁੱਤਰ ਨੂੰ ਘਰੋਂ ਚੁਕ ਲਿਆਇਆ ਅਤੇ ਉਸਦੇ ਸਾਹਮਣੇ ਉਸ ਨੂੰ ਮਾਰ ਕੇ ਤਿੰਨ ਟੁਕੜੇ ਕੀਤੇ । ਉਸਨੂੰ ਤੇਲ ਦੇ ਭਰੇ ਕੜਾਹੇ ਵਿਚ ਤਲਿਆ । ਉਸ ਦੇਵਤੇ ਨੇ ਚੁਲਨੀਪਿਤਾ ਦੇ ਬੜੇ ਪੁੱਤਰ ਦਾ ਮਾਸ ਉਸ ਉਪਰ ਸੁਟਿਆ । ਲਹੂ ਦੇ ਛਿੱਟੇ ਮਾਰੇ ।133।

ਇਸਤੋਂ ਬਾਅਦ ਚੁਲਨੀਪਿਤਾ ਸ੍ਰਮਣਾਂ ਦੇ ਉਪਾਸਕ ਦੇਵਤੇ ਰਾਹੀਂ ਦਿਤੇ ਕਸ਼ਟ ਨੂੰ ਪੀੜ ਨੂੰ ਨਿਡਰਤਾ ਨਾਲ ਸਹਿਨ ਕਰਦਾ ਰਿਹਾ ।134।

ਇਸ ਤੋਂ ਬਾਅਦ ਜਦ ਦੇਵਤੇ ਨੇ ਚੁਲਨੀਪਿਤਾ ਸ੍ਰਮਣਾਂ ਦੇ ਉਪਾਸਕ ਨੂੰ ਨਿਡਰ ਵੇਖਿਆ ਤਾਂ ਉਸ ਨੇ ਫਿਰ ਕਿਹਾ "ਉਏ ਮੌਤ ਦੇ ਇਛੁਕ ! ਜੇ ਤੂੰ ਸ਼ੀਲ ਆਦਿ ਵਰਤ ਨਹੀਂ ਛਡੇਗਾ, ਤਾਂ ਮੈਂ ਤੇਰੇ ਦਰਮਿਆਨੇ ਪੁੱਤਰ ਨੂੰ ਤੇਰੇ ਸਾਹਮਣੇ ਮਾਰ ਦੇਵਾਂਗਾ, ਇਸ ਪ੍ਰਕਾਰ ਆਖ ਕੇ ਉਸ ਦੇਵਤੇ ਨੇ ਉਸ ਦੇ ਦਰਮਿਆਨੇ ਪੁੱਤਰ ਨਾਲ ਉਹੀ ਵਿਵਹਾਰ ਕੀਤਾ, ਜੋ ਬੜੇ ਨਾਲ ਕੀਤਾ ਸ਼ੀ । ਪਰ ਚੁਲਨੀਪਿਤਾ ਸ੍ਰਮਣਾਂ ਦੇ ਉਪਾਸਕ ਨੇ ਇਸ ਅਸਹਿ ਕਸ਼ਟ ਨੂੰ ਧੀਰਜ ਨਾਲ ਸਹਿਨ ਕੀਤਾ । ਦੇਵਤੇ ਨੇ ਤੀਸਰੇ ਪੁੱਤਰ ਬਾਰੇ ਵੀ ਇਸੇ ਪ੍ਰਕਾਰ ਕਿਹਾ ਅਤੇ ਉਸਨੂੰ ਵੀ ਉਹ ਹੀ ਵਰਤਾਉ ਕੀਤਾ ਜੋ ਪਹਿਲੇ ਦੋ ਨਾਲ ਕੀਤਾ ਸੀ । ਪਰ ਚੁਲਨੀਪਿਤਾ

---

ਪਾਠ ਨੰ: 134 ਦੀ ਟਿੱਪਣੀ

(ਆਦਣ ਭਰਿਯੀਸ) ਤੋਂ ਭਾਵੇਂ ਤੇਲ ਜਾਂ ਪਾਣੀ ਨਾਲ ਗਿਲੀਆਂ ਹੋਕੇ ਜੋ ਵਸਤਾਂ ਜਲ ਜਾਣ ਟੀਕਾਕਾਰ ਨੇ ਇਸ ਬਾਰੇ ਇਸ ਪ੍ਰਕਾਰ ਆਖਿਆ ਹੈ ।

(आदाण भरियीस) आद्रहणं यदुदक तैलादिकमन्यरर द्रव्य पाका-याग्नावुत्ताप्यते तद्भृते कड़ाहयसि त्ति कटाहे लोहमयभाजन विशेष आद्रहयामि उत्कवथायामि ।

ਨਿਡਰ ਰਿਹਾ। 135।

ਇਸ ਤੋਂ ਬਾਅਦ ਉਸਨੇ ਚੌਥੀ ਵਾਰ ਚੁਲਨੀਪਿਤਾ ਸ਼੍ਰਮਣਾ ਦੇ ਉਪਾਸਕ ਨੂੰ ਕਿਹਾ— "ਉਏ ਚੁਲਨੀਪਿਤਾ ਸ਼੍ਰਮਣਾ ਦੇ ਉਪਾਸਕ ! ਜੇ ਤੂੰ ਸ਼ੀਲ ਆਦਿ ਵਰਤ ਭੰਗ ਨਹੀਂ ਕਰੇਂਗਾ ਤਾਂ ਮੈਂ ਤੇਰੀ ਭੱਦਰਾ ਨਾਂ ਦੀ ਮਾਂ ਨੂੰ ਤੇਰੇ ਸਾਹਮਣੇ ਮਾਰ ਦੇਵਾਂਗਾ, ਇਹ ਉਹ ਮਾਂ ਹੈ ਜੋ ਤੇਰੇ ਲਈ ਦੇਵ, ਗੁਰੂ ਦੀ ਤਰ੍ਹਾਂ ਪੂਜ ਹੈ, ਜਿਸਨੇ ਤੇਰੇ ਲਈ ਅਨੇਕਾਂ ਕਸ਼ਟ ਝੱਲੇ ਹਨ, ਮੈਂ ਉਸ ਨੂੰ ਘਰੋਂ ਚੁਕ ਲੈ ਆਵਾਂਗਾ। ਉਸਦੇ ਦੋ ਤਿੰਨ ਟੁਕੜੇ ਕਰਕੇ ਕੜਾਹੀ ਵਿਚ ਤਲਾਂਗਾ ਉਸਦੇ ਮਾਸ ਤੇ ਖੂਨ ਦੇ ਛਿੱਟੇ ਤੇਰੇ ਸ਼ਰੀਰ ਉਤੇ ਸੁਟਾਂਗਾ, ਜਿਸ ਕਾਰਨ ਤੂੰ ਚਿੰਤਾ ਕਰੇਂਗਾ ਅਤੇ ਬੇਵਸੀ ਨਾਲ ਮੌਤ ਤੋਂ ਪਹਿਲਾਂ ਹੀ ਮਰ ਜਾਵੇਂਗਾ।136।

ਇਸਤੋਂ ਬਾਅਦ ਚੁਲਨੀਪਿਤਾ ਸ਼੍ਰਮਣਾ ਦਾ ਉਪਾਸਕ ਦੇਵਤੇ ਦੇ ਉਪਰੋਕਤ ਵਾਕ ਸੁਣ ਕੇ ਵੀ ਪਹਿਲਾਂ ਦੀ ਤਰ੍ਹਾਂ ਨਿਡਰ ਰਿਹਾ।137।

ਇਸਤੋਂ ਬਾਅਦ ਦੇਵਤੇ ਨੇ ਉਸ ਚੁਲਨੀਪਿਤਾ ਸ਼੍ਰਮਣਾ ਦੇ ਉਪਾਸਕ ਨੂੰ ਵਰਤਾਂ ਵਿਚ ਦਰਿੜ੍ਹ ਦੇਖ ਕੇ, ਉਪਰੋਕਤ ਵਚਨਾਂ ਨੂੰ ਦੂਸਰੀ ਤੇ ਤੀਸਰੀ ਵਾਰ ਦੁਹਰਾਇਆ ਕਿ "ਤੂੰ ਮਾਰਿਆ ਜਾਵੇਂਗਾ"।138।

ਦੇਵ ਦੇ ਦੂਸਰੀ ਤੇ ਤੀਸਰੀ ਵਾਰ ਅਜਿਹਾ ਆਖਣ ਤੇ ਚੁਲਨੀਪਿਤਾ ਸ਼੍ਰਮਣਾ ਦਾ ਉਪਾਸਕ ਸੋਚਣ ਲਗਾ "ਇਹ ਆਦਮੀ ਅਨਾਰੀਆ (ਦੁਸ਼ਟ) ਹੈ ਇਸਦੀ ਬੁੱਧੀ ਅਨਾਰੀਆ (ਦੁਸ਼ਟ) ਹੈ ਇਹ ਅਨਾਰੀਆ (ਦੁਸ਼ਟਾਂ) ਵਾਲੇ ਪਾਪ ਕਰਮ ਕਰਦਾ ਹੈ। ਇਸ ਨੇ ਮੇਰੇ ਸਾਹਮਣੇ ਮੇਰੇ ਬੜੇ ਪੁੱਤਰ ਨੂੰ ਚੁਕ ਲਿਆ ਅਤੇ ਮੇਰੇ ਸਾਹਮਣੇ ਮਾਰ ਦਿਤਾ, ਇਸੇ ਪ੍ਰਕਾਰ ਦਰਮਿਆਨੇ ਤੇ ਸਭ ਤੋਂ ਛੋਟੇ ਨੂੰ ਵੀ ਮਾਰ ਦਿਤਾ। ਚੁਲਨੀਪਿਤਾ ਸੋਚਣ ਲਗਾ "ਮੇਰੀ ਮਾਂ ਦੇਵਤੇ ਅਤੇ ਗੁਰੂ ਦੀ ਤਰ੍ਹਾਂ ਪੂਜਨ ਯੋਗ ਹੈ। ਉਸਨੇ ਮੇਰੇ ਲਈ ਅਨੇਕਾਂ ਕਸ਼ਟ ਝੱਲੇ ਹਨ। ਉਹ ਮੇਰੇ ਸਾਹਮਣੇ ਮੇਰੀ ਮਾਂ ਨੂੰ ਮਾਰਨਾ ਚਾਹੁੰਦਾ ਹੈ ਇਸ ਲਈ ਇਹ ਚੰਗਾ ਹੈ ਕਿ ਮੈਂ ਇਸਨੂੰ ਪਕੜ ਲਵਾਂ" ਇਹ ਸੋਚਕੇ ਉਹ ਉਸ ਨੂੰ ਫੜਨ ਲਈ ਉਠਿਆ ਤਾਂ ਦੇਵਤਾ ਅਕਾਸ਼ ਵਿਚ ਉਡ ਗਿਆ, ਚੁਲਨੀਪਿਤਾ ਦੇ ਹੱਥ ਵਿਚ ਖੰਬਾ ਆ ਗਿਆ ਉਸ ਨੂੰ ਫੜਕੇ ਉਹ ਸ਼ੋਰ ਮਚਾਉਣ ਲਗਾ।139।

ਇਸ ਤੋਂ ਬਾਅਦ ਭਦਰਾ ਸਾਰਥਵਾਹੀ ਸ਼ੋਰ ਸੁਣਕੇ ਚੁਲਨੀਪਿਤਾ ਸ਼੍ਰਮਣਾ ਦੇ ਉਪਾਸਕ ਕੋਲ ਆਈ ਅਤੇ ਆਖਣ ਲਗੀ "ਹੇ ਪੁੱਤਰ ! ਤੂੰ ਸ਼ੋਰ ਕਿਉਂ ਕੀਤਾ ?"।140।

ਇਸ ਤੋਂ ਬਾਅਦ ਚੁਲਨੀਪਿਤਾ ਸ਼੍ਰਮਣਾ ਦਾ ਉਪਾਸਕ ਆਪਣੀ ਮਾਂ ਭਦਰਾ ਸਾਰਥ-ਵਾਹੀ ਨੂੰ ਆਖਣ ਲਗਾ "ਹੇ ਮਾਂ ! ਪਤਾ ਨਹੀਂ ਕੋਈ ਗੁਸੇ ਵਾਲਾ ਮਨੁੱਖ ਹਥ ਵਿਚ ਨੀਲੀ ਕਮਲ ਵਰਗੀ ਤਲਵਾਰ ਲੈਕੇ ਆਖਣ ਲਗਾ ਹੇ ਚੁਲਨੀਪਿਤਾ ! ਸ਼੍ਰਮਣਾ ਦੇ ਉਪਾਸਕ ! ਜੇ

ਤੂੰ ਸ਼ੀਲ ਆਦਿ ਵਰਤ ਨਹੀਂ ਛੱਡੇਂਗਾ ਤਾਂ ਮੈਂ ਤੇਰੇ ਪੁੱਤਰ ਨੂੰ ਮਾਰ ਦੇਵਾਂਗਾ ।141।

"ਉਸਦੇ ਅਜਿਹਾ ਆਖਣ ਤੇ ਵੀ ਮੈਂ ਨਿਡਰ ਰਿਹਾ ਅਤੇ ਧਰਮ ਧਿਆਨ ਵਿਚ ਸਥਿਰ ਰਿਹਾ ।142।

ਜਦ ਉਸ ਨੇ ਮੈਨੂੰ ਨਿਡਰ ਤੇ ਸ਼ਾਤ ਵੇਖਿਆ ਤਾਂ ਉਸਨੇ ਮੈਨੂੰ ਦੂਸਰੀ ਤੇ ਤੀਸਰੀ ਵਾਰ ਅਜਿਹੀ ਧਮਕੀ ਦਿਤੀ ਅਤੇ ਕਿਹਾ "ਹੇ ਚੁਲਨੀਪਿਤਾ ! ਸ਼੍ਰਮਣਾ ਦੇ ਉਪਾਸਕ ! ਮੈਂ ਤੇਰੇ ਸ਼ਰੀਰ ਤੇ ਮਾਸ ਤੇ ਲਹੂ ਦੇ ਛਿਟੇ ਸੁਟਾਂਗਾ" ।143।

ਇਸ ਤੋਂ ਬਾਅਦ ਮੈਂ ਅਸਹਿ ਕਸ਼ਟ ਸਹਿੰਦਾ ਰਿਹਾ" । ਇਸ ਪ੍ਰਕਾਰ ਉਸਨੇ ਸਾਰਾ ਵਿਰਤਾਂਤ ਆਪਣੀ ਮਾਂ ਨੂੰ ਸੁਣਾਇਆ "ਉਸਨੇ ਇਸ ਪ੍ਰਕਾਰ ਮੇਰੇ ਦਰਮਿਆਨੇ ਤੇ ਛੋਟੇ ਪੁਤਰ ਨੂੰ ਮੇਰੇ ਸਾਹਮਣੇ ਮਾਰ ਕੇ ਮੇਰੇ ਸ਼ਰੀਰ ਤੇ ਲਹੂ ਤੇ ਮਾਸ ਸੁਟਿਆ, ਮੈਂ ਇਸ ਅਸਹਿ ਕਸ਼ਟ ਨੂੰ ਸਹਿੰਦਾ ਰਿਹਾ ।144।

ਇਸਤੋਂ ਬਾਅਦ ਜਦ ਉਸਨੇ ਮੈਨੂੰ ਨਿਡਰ ਵੇਖ ਕੇ ਚੌਥੀ ਵਾਰ ਕਿਹਾ "ਹੇ ਚੁਲਨੀ-ਪਿਤਾ ਸ਼੍ਰਮਣਾਂ ਦੇ ਉਪਾਸਕ ਜੇ ਤੂੰ ਸ਼ੀਲ ਆਦਿ ਭੰਗ ਨਹੀਂ ਕਰੇਂਗਾ ਤਾਂ ਮੈਂ ਦੇਵਤੇ ਤੇ ਗੁਰੂ ਦੀ ਤਰ੍ਹਾਂ ਤੇਰੇ ਲਈ ਪੂਜਨ ਯੋਗ ਤੇਰੀ ਮਾਂ ਨੂੰ ਤੇਰੇ ਸਾਹਮਣੇ ਮਾਰ ਦੇਵਾਂਗਾ ਅਤੇ ਤੂੰ ਵੀ ਮੌਤ ਤੋਂ ਪਹਿਲਾਂ ਹੀ ਮਰ ਜਾਵੇਂਗਾ ।145।

ਇਸ ਤੋਂ ਬਾਅਦ ਮੈਂ ਉਸਦੇ ਅਜਿਹਾ ਆਖਣ ਤੇ ਵੀ ਨਿਡਰ ਰਿਹਾ ।140।

ਇਸਤੋਂ ਬਾਅਦ ਉਸਨੇ ਤੇ ਤੀਸਰੀ ਵਾਰ ਕਿਹਾ "ਹੇ ਸ਼੍ਰਮਣਾਂ ਦੇ ਉਪਾਸਕ ! ਤੂੰ ਅਜ ਮਾਰਿਆ ਜਾਵੇਂਗਾ" ।146।

ਇਸਤੋਂ ਬਾਅਦ ਉਸਦੇ ਦੂਸਰੀ ਤੇ ਤੀਸਰੀ ਵਾਰ ਆਖਣ ਤੇ ਮੈਂ ਸੋਚਣ ਲਗਾ "ਇਹ ਪੁਰਸ਼ ਅਨਾਰੀਆ ਹੈ ਇਸਦੀ ਬੁੱਧੀ ਅਨਾਰੀਆ ਹੈ ਇਸ ਦੇ ਕੰਮ ਅਨਾਰੀਆਂ ਵਾਲੇ ਹਨ ਇਸਨੇ ਮੇਰੇ ਬੜੇ ਦਰਮਿਆਨੇ ਤੇ ਛੋਟੇ ਪੁੱਤਰਾਂ ਨੂੰ ਮਾਰ ਦਿਤਾ ਹੈ, ਮੇਰਾ ਸ਼ਰੀਰ ਖੂਨ ਤੇ ਮਾਸ ਨਾਲ ਸਿੰਝ ਦਿਤਾ ਹੈ, ਹੁਣ ਇਹ ਮੇਰੇ ਸਾਹਮਣੇ ਤੇਨੂੰ ਮਾਰਨਾ ਚਾਹੁੰਦਾ ਹੈ ਇਸਲਈ ਇਸ ਨੂੰ ਫੜ ਲੈਣਾ ਯੋਗ ਹੈ ਅਜਿਹਾ ਵਿਚਾਰ ਕੇ ਮੈਂ ਜਿਉਂ ਹੀ ਖੜਾ ਹੋਇਆ ਤਾਂ ਉਹ ਅਕਾਸ਼ ਵਿਚ ਉਡ ਗਿਆ ਮੇਰੇ ਹਥ ਕਮਰੇ ਦਾ ਖੰਬਾ ਰਹਿ ਗਿਆ ਹੈ ।147।

ਇਸਤੋਂ ਬਾਅਦ ਭਦਰਾ ਸਾਰਥਵਾਹੀ ਚੁਲਨੀਪਿਤਾ ਸ਼੍ਰਮਣਾ ਦੇ ਉਪਾਸਕ ਨੂੰ ਇਸ ਪ੍ਰਕਾਰ ਆਖਣ ਲਗੀ "ਹੇ ਪੁੱਤਰ ਕੋਈ ਆਦਮੀ ਵੀ ਤੇਰੇ ਬੜੇ ਪੁੱਤਰ ਨੂੰ ਘਰੋਂ ਚੁਕ ਕੇ ਨਹੀਂ ਲੇ ਆਇਆ ਨਾ ਹੀ ਤੇਰੇ ਸਾਹਮਣੇ ਉਸ ਨੂੰ ਮਾਰਿਆ ਹੈ ਇਹ ਕਿਸੇ ਨੇ ਤੇਨੂੰ ਦੁਖ ਦਿਤਾ ਹੈ ਤੂੰ ਝੂਠੀ ਘਟਨਾ ਵੇਖੀ ਹੈ । ਕਸ਼ਾਏ ਦੇ ਪੈਦਾ ਹੋਣ ਕਾਰਨ ਤੇਰਾ ਚਿਤ ਡੋਲ ਗਿਆ ਹੈ ਤੂੰ ਉਸ ਆਦਮੀ ਨੂੰ ਫੜਨ ਲਈ ਉਠਿਆ ਇਸ ਲਈ ਤੇਰਾ ਵਰਤ ਨਿਯਮ ਤੇ ਪੌਸ਼ਧ

ਤੂੰ ਸ਼ੀਲ ਆਦਿ ਵਰਤ ਨਹੀਂ ਛੱਡੇਂਗਾ ਤਾਂ ਮੈਂ ਤੇਰੇ ਪੁੱਤਰ ਨੂੰ ਮਾਰ ਦੇਵਾਂਗਾ।141।

"ਉਸਦੇ ਅਜਿਹਾ ਆਖਣ ਤੇ ਵੀ ਮੈਂ ਨਿਡਰ ਰਿਹਾ ਅਤੇ ਧਰਮ ਧਿਆਨ ਵਿਚ ਸਥਿਰ ਰਿਹਾ।142।

ਜਦ ਉਸ ਨੇ ਮੈਨੂੰ ਨਿਡਰ ਤੇ ਸ਼ਾਂਤ ਵੇਖਿਆ ਤਾਂ ਉਸਨੇ ਮੈਨੂੰ ਦੂਸਰੀ ਤੇ ਤੀਸਰੀ ਵਾਰ ਅਜਿਹੀ ਧਮਕੀ ਦਿਤੀ ਅਤੇ ਕਿਹਾ "ਹੇ ਚੁਲਨੀਪਿਤਾ ! ਸ਼੍ਰਮਣਾ ਦੇ ਉਪਾਸਕ ! ਮੈਂ ਤੇਰੇ ਸ਼ਰੀਰ ਤੇ ਮਾਸ ਤੇ ਲਹੂ ਦੇ ਛਿਟੇ ਸੁਟਾਂਗਾ"।143।

ਇਸ ਤੋਂ ਬਾਅਦ ਮੈਂ ਅਸਹਿ ਕਸ਼ਟ ਸਹਿੰਦਾ ਰਿਹਾ"। ਇਸ ਪ੍ਰਕਾਰ ਉਸਨੇ ਸਾਰਾ ਵਿਰਤਾਂਤ ਆਪਣੀ ਮਾਂ ਨੂੰ ਸੁਣਾਇਆ "ਉਸਨੇ ਇਸ ਪ੍ਰਕਾਰ ਮੇਰੇ ਦਰਮਿਆਨੇ ਤੇ ਛੋਟੇ ਪੁਤਰ ਨੂੰ ਮੇਰੇ ਸਾਹਮਣੇ ਮਾਰ ਕੇ ਮੇਰੇ ਸ਼ਰੀਰ ਤੇ ਲਹੂ ਤੇ ਮਾਸ ਸੁਟਿਆ, ਮੈਂ ਇਸ ਅਸਹਿ ਕਸ਼ਟ ਨੂੰ ਸਹਿੰਦਾ ਰਿਹਾ।144।

ਇਸਤੋਂ ਬਾਅਦ ਜਦ ਉਸਨੇ ਮੈਨੂੰ ਨਿਡਰ ਵੇਖ ਕੇ ਚੌਥੀ ਵਾਰ ਕਿਹਾ "ਹੇ ਚੁਲਨੀ-ਪਿਤਾ ਸ਼੍ਰਮਣਾਂ ਦੇ ਉਪਾਸਕ ਜੇ ਤੂੰ ਸ਼ੀਲ ਆਦਿ ਭੰਗ ਨਹੀਂ ਕਰੇਂਗਾ ਤਾਂ ਮੈਂ ਦੇਵਤੇ ਤੇ ਗੁਰੂ ਦੀ ਤਰ੍ਹਾਂ ਤੇਰੇ ਲਈ ਪੂਜਨ ਯੋਗ ਤੇਰੀ ਮਾਂ ਨੂੰ ਤੇਰੇ ਸਾਹਮਣੇ ਮਾਰ ਦੇਵਾਂਗਾ ਅਤੇ ਤੂੰ ਵੀ ਮੌਤ ਤੋਂ ਪਹਿਲਾਂ ਹੀ ਮਰ ਜਾਵੇਂਗਾ।145।

ਇਸ ਤੋਂ ਬਾਅਦ ਮੈਂ ਉਸਦੇ ਅਜਿਹਾ ਆਖਣ ਤੇ ਵੀ ਨਿਡਰ ਰਿਹਾ।140।

ਇਸਤੋਂ ਬਾਅਦ ਉਸਨੇ ਤੇ ਤੀਸਰੀ ਵਾਰ ਕਿਹਾ "ਹੇ ਸ਼੍ਰਮਣਾਂ ਦੇ ਉਪਾਸਕ ! ਤੂੰ ਅਜ ਮਾਰਿਆ ਜਾਵੇਂਗਾ"।146।

ਇਸਤੋਂ ਬਾਅਦ ਉਸਦੇ ਦੂਸਰੀ ਤੇ ਤੀਸਰੀ ਵਾਰ ਆਖਣ ਤੇ ਮੈਂ ਸੋਚਣ ਲਗਾ "ਇਹ ਪੁਰਸ਼ ਅਨਾਰੀਆ ਹੈ ਇਸਦੀ ਬੁੱਧੀ ਅਨਾਰੀਆ ਹੈ ਇਸ ਦੇ ਕੰਮ ਅਨਾਰੀਆਂ ਵਾਲੇ ਹਨ ਇਸਨੇ ਮੇਰੇ ਬੜੇ ਦਰਮਿਆਨੇ ਤੇ ਛੋਟੇ ਪੁੱਤਰਾਂ ਨੂੰ ਮਾਰ ਦਿਤਾ ਹੈ, ਮੇਰਾ ਸ਼ਰੀਰ ਖੂਨ ਤੇ ਮਾਸ ਨਾਲ ਸਿੰਝ ਦਿਤਾ ਹੈ, ਹੁਣ ਇਹ ਮੇਰੇ ਸਾਹਮਣੇ ਤੈਨੂੰ ਮਾਰਨਾ ਚਾਹੁੰਦਾ ਹੈ ਇਸਲਈ ਇਸ ਨੂੰ ਫੜ ਲੈਣਾ ਯੋਗ ਹੈ ਅਜਿਹਾ ਵਿਚਾਰ ਕੇ ਮੈਂ ਜਿਉਂ ਹੀ ਖੜਾ ਹੋਇਆ ਤਾਂ ਉਹ ਅਕਾਸ਼ ਵਿਚ ਉਡ ਗਿਆ ਮੇਰੇ ਹਥ ਕਮਰੇ ਦਾ ਖੰਬਾ ਰਹਿ ਗਿਆ ਹੈ।147।

ਇਸਤੋਂ ਬਾਅਦ ਭਦਰਾ ਸਾਰਥਵਾਹੀ ਚੁਲਨੀਪਿਤਾ ਸ਼੍ਰਮਣਾ ਦੇ ਉਪਾਸਕ ਨੂੰ ਇਸ ਪ੍ਰਕਾਰ ਆਖਣ ਲਗੀ "ਹੇ ਪੁੱਤਰ ਕੋਈ ਆਦਮੀ ਵੀ ਤੇਰੇ ਬੜੇ ਪੁੱਤਰ ਨੂੰ ਘਰੋਂ ਚੁਕ ਕੇ ਨਹੀਂ ਲੈ ਆਇਆ ਨਾ ਹੀ ਤੇਰੇ ਸਾਹਮਣੇ ਉਸ ਨੂੰ ਮਾਰਿਆ ਹੈ ਇਹ ਕਿਸੇ ਨੇ ਤੈਨੂੰ ਦੁਖ ਦਿਤਾ ਹੈ ਤੂੰ ਝੂਠੀ ਘਟਨਾ ਵੇਖੀ ਹੈ। ਕਸ਼ਾਏ ਦੇ ਪੈਦਾ ਹੋਣ ਕਾਰਨ ਤੇਰਾ ਚਿਤ ਡੋਲ ਗਿਆ ਹੈ ਤੂੰ ਉਸ ਆਦਮੀ ਨੂੰ ਫੜਨ ਲਈ ਉਠਿਆ ਇਸ ਲਈ ਤੇਰਾ ਵਰਤ ਨਿਯਮ ਤੇ ਪੌਸ਼ਧ

ਤਿਆਗ ਦੇਵੋ ।


6. ਦੋਸ਼ ਰੂਪੀ ਮੈਲ ਨੂੰ ਧੋ ਕੇ ਆਤਮਾ ਨੂੰ ਸ਼ੁਧ ਕਰੋ ।

7. ਫਿਰ ਅਜਿਹਾ ਨਾ ਕਰਨ ਦੀ ਪ੍ਰਤਿਗਿਆ ਕਰੋ ।

8. ਦੋਸ਼ ਸੁਧੀ ਲਈ ਪ੍ਰਾਯਸ਼ਚਿਤ ਰੂਪ ਵਿਚ ਤਪ ਸਵੀਕਾਰ ਕਰੋ ।

ਕੁਝ ਲੋਕਾਂ ਦੀ ਮਾਨਤਾ ਹੈ ਕਿ ਨਸ਼ਿਧ ਸੂਤਰ ਵਿਚ ਉਪਾਸਕ ਲਈ ਪ੍ਰਾਯਸ਼ਚਿਤ ਦਾ ਵਿਧਾਨ ਨਹੀਂ ਪਰ ਇਹ ਗੱਲ ਸਹੀ ਨਹੀਂ ਸੀ । ਉਪਾਸਕ ਦਸ਼ਾਂਗ ਜੋ ਕਿ ਉਪਾਸਕਾਂ ਦਾ ਹੀ ਸੂਤਰ ਹੈ ਇਸ ਵਿਚ ਸਾਫ ਪ੍ਰਾਯਸ਼ਚਿਤ ਦਾ ਵਿਧਾਨ ਹੈ । ਇਸ ਬਾਰੇ ਟੀਕਾਕਾਰ ਦਾ ਕਥਨ ਹੈ—

एतेन च निशीथादिषु गृहिणं प्रति प्रायश्चित्तस्याप्रतिपादनान्न तेषां प्रायश्चित्तमस्तीति ये प्रतिपद्यन्ते तन्मतमपास्तं साधद्द्शेन गृहिणोऽपि प्रायश्चित्तस्य जीतव्यवहारानुपतित्वात् ।





# ● ੪ ●

ਇਸ ਅਧਿਐਨ ਵਿਚ ਵਾਰਾਨਸੀ ਨਿਵਾਸੀ, 12 ਵਰਤ ਧਾਰੀ ਸੁਰਾਦੇਵ ਦਾ ਵਰਨਣ ਹੈ। ਇਸ ਨੇ ਵੀ ਭਗਵਾਨ ਮਹਾਵੀਰ ਦੇ 18ਵੇਂ ਚੌਮਾਸੇ ਵਿਸ 12 ਵਰਤ ਗ੍ਰਹਿਣ ਕੀਤੇ। ਪਿਸ਼ਾਚ ਦੇ ਰੂਪ ਵਿਚ ਦੇਵਤਾ ਨੇ ਇਸ ਦਾ ਧਿਆਨ ਭੰਗ ਕਰਨ ਦੀ ਬੇ-ਹਦ ਕੋਸ਼ਿਸ਼ ਕੀਤੀ। ਅਪਣੇ ਚਮਤਕਾਰ ਰਾਹੀਂ ਅਤੇ ਡਰਾਉਣ ਲਈ ਇਸਦੇ ਸ਼ਰੀਰ ਵਿਚ 16 ਰੋਗ ਪੈਦਾ ਕਰ ਦਿਤੇ, ਪੁਤਰਾਂ ਨੂੰ ਮਾਰਨ ਦਾ ਨਾਟਕ ਰਚਿਆ। ਪਰ ਨਾਟਕ, ਨਾਟਕ ਸੀ। ਇਸਦੀ ਪਤਨੀ ਨੇ ਇਸ ਨੂੰ ਧਰਮ ਵਿਚ ਸਥਾਪਿਤ ਕੀਤਾ। ਅੰਤਮ ਸਮੇਂ ਸੋਧਰਮ ਦੇਵ ਲੋਕ ਦੇ ਅਰੁਣਾਕਾਂਤ ਵਿਮਾਨ ਵਿਚ 4 ਪਲਯੋਪਮ ਦੀ ਉਮਰ ਵਾਲਾ ਦੇਵਤਾ ਬਣਿਆ। ਭਵਿੱਖ ਵਿਚ ਇਹ ਵੀ ਸਿੱਧ, ਬੁੱਧ ਮੁਕਤ ਹੋਵੇਗਾ।

# ਚੌਥਾ ਅਧਿਐਨ

ਭਗਵਾਨ ਸੁਧਰਮਾ ਸਵਾਮੀ ਆਖਦੇ ਹਨ, ਕਿ ਉਸ ਕਾਲ, ਉਸ ਸਮੇਂ ਵਿਚ ਵਾਰਾਣਸੀ ਨਾਂ ਦੀ ਨਗਰੀ ਸੀ, ਉਥੇ ਕੋਸ਼ਟਕ ਨਾਂ ਦਾ ਚੈਤਯ ਸੀ, ਉਥੇ ਜਿਤ-ਸ਼ਤਰੂ ਨਾਂ ਦਾ ਰਾਜਾ ਰਾਜ ਕਰਦਾ ਸੀ, ਉਥੇ ਸੂਰਾਦੇਵ ਨਾਂ ਦਾ ਗਾਥਾਪਤੀ ਰਹਿੰਦਾ ਸੀ, ਉਸ ਪਾਸ 6 ਕਰੋੜ ਸੋਨੇ ਦੀਆਂ ਮੋਹਰਾਂ ਦਾ ਖਜਾਨਾ ਸੀ 6 ਕਰੋੜ ਸੋਨੇ ਦੀਆਂ ਮੋਹਰਾਂ ਵਿਉਪਾਰ ਵਿਚ ਲਗੀਆਂ ਹੋਈਆਂ ਸਨ। 6 ਕਰੋੜ ਸੋਨੇ ਦੀਆਂ ਮੋਹਰਾਂ ਘਰ ਦੇ ਸਮਾਨ ਵਿਚ ਲਗੀਆਂ ਹੋਈਆਂ ਸਨ। 10000 ਹਜਾਰ ਦੀ ਸੰਖਿਆ ਵਾਲੇ ਗਾਵਾਂ ਦੇ ਛੇ ਬ੍ਰਿਜ ਸਨ। ਉਸ ਦੀ ਇਸਤਰੀ ਦਾ ਨਾਂ ਧਨਾ ਸੀ। ਉਸੇ ਸ਼ਹਿਰ ਵਿਚ ਸ਼੍ਰਮਣ ਭਗਵਾਨ ਮਹਾਵੀਰ ਪਧਾਰੇ। ਧਰਮ ਸਭਾ ਇਕੱਠੀ ਹੋਈ ਉਸਨੇ ਆਨੰਦ ਸ਼੍ਰਮਣਾਂ ਦੇ ਉਪਾਸਕ ਦੀ ਤਰ੍ਹਾਂ ਸ਼੍ਰਾਵਕ ਧਰਮ ਧਾਰਨ ਕੀਤਾ। ਸਮਾਂ ਬੀਤਨ ਤੇ ਉਹ ਵੀ ਕਾਮਦੇਵ ਦੀ ਤਰ੍ਹਾਂ ਪੋਸ਼ਧ ਕਰਨ ਲਗਾ। ।152।

ਸੁਰਾਦੇਵ ਸ਼੍ਰਮਣਾਂ ਦੇ ਉਪਾਸਕ ਕੋਲ ਇਕ ਦੇਵਤਾ ਅਧੀ ਰਾਤ ਨੂੰ ਨੀਲੇ ਕਮਲ ਦੀ ਤਰ੍ਹਾਂ ਦੀ ਤਲਵਾਰ ਹੱਥ ਵਿਚ ਲੈ ਕੇ ਪ੍ਰਗਟ ਹੋਇਆ ਅਤੇ ਬੋਲਿਆ "ਓਏ ਸੁਰਾਦੇਵ ਸ਼੍ਰਮਣਾਂ ਦੇ ਉਪਾਸਕ! ਆਪਣਾ ਆਪ ਦਾ ਬੁਰਾ ਚਾਹੁਣ ਵਾਲੇ, ਜੇ ਤੂੰ ਸ਼ੀਲ ਆਦਿ ਵਰਤ ਨਹੀਂ ਛੱਡੇਂਗਾ ਤਾਂ ਮੈਂ ਤੇਰੇ ਬੜੇ ਪੁਤਰ ਨੂੰ ਤੇਰੇ ਘਰੋਂ ਚੁਕ ਕੇ ਤੇਰੇ ਸਾਹਮਣੇ ਹੀ ਮਾਰ ਦਿਆਂਗਾ। ਉਸ ਦੇ ਸਰੀਰ ਦੇ ਪੰਜ ਟੁਕੜੇ ਕਰਕੇ ਤੇਲ ਵਿਚ ਤਲਾਂਗਾ ਅਤੇ ਤੇਰੇ ਸਰੀਰ ਤੇ ਉਸਦਾ ਮਾਸ ਸੁਟਾਂਗਾ ਤੇ ਉਸਦੇ ਲਹੂ ਦੇ ਛਿਟੇ ਮਾਰਾਂਗਾ, ਇਸ ਦੁਖ ਕਾਰਨ ਤੂੰ ਸਮੇ ਤੋਂ ਪਹਿਲਾਂ ਹੀ ਮਾਰਿਆ ਜਾਵੇਂਗਾ।" ਉਸੇ ਪ੍ਰਕਾਰ ਉਸ ਪਿਸ਼ਾਚ ਨੇ ਕੀਤਾ ਜਿਵੇਂ ਉਸਨੇ ਕਿਹਾ ਸੀ। ਇਸ ਪ੍ਰਕਾਰ ਦਰਮਿਆਨੇ ਤੇ ਛੋਟੇ ਪੁੱਤਰ ਨਾਲ ਕੀਤਾ, ਚੁਲਨੀਪਿਤਾ ਦੇ ਪੁੱਤਰਾਂ ਦੀ ਤਰ੍ਹਾਂ ਉਸਦੇ ਪੁੱਤਰਾਂ ਦੇ ਸਰੀਰ ਦੇ ਟੁਕੜੇ ਕੀਤੇ, ਇਥੇ ਫਰਕ ਇਹ ਹੈ, ਇਥੇ ਸ਼ਰੀਰ ਦੇ ਇਕ ਟੁਕੜੇ ਦੀ ਥਾਂ 5 ਟੁਕੜੇ ਕੀਤੇ ।153।

ਇਸ ਤੋਂ ਬਾਅਦ ਉਸ ਦੇਵਤੇ ਨੇ ਸੁਰਾਦੇਵ ਸ਼੍ਰਮਣਾਂ ਦੇ ਉਪਾਸਕ ਨੂੰ ਚੌਥੀ ਵਾਰ ਇਸੇ ਪ੍ਰਕਾਰ ਆਖਿਆ "ਓਏ ਸੁਰਾਦੇਵ ਸ਼੍ਰਮਣਾਂ ਦੇ ਉਪਾਸਕ ! ਆਪਣਾ ਭੈੜਾ ਚਾਹੁਣ ਵਾਲੇ ਜੇ ਤੂੰ ਸ਼ੀਲ ਆਦਿ ਵਰਤਾਂ ਨੂੰ ਨਹੀਂ ਛਡੇਂਗਾ ਤਾਂ ਮੈਂ ਤੇਰੇ ਸ਼ਰੀਰ ਵਿਚ ਇਕੋ ਸਮੇਂ 16 ਰੋਗ ਪੈਦਾ ਕਰ ਦੇਵਾਂਗਾ ਜਿਵੇਂ ਸਾਹ, ਖਾਂਸੀ ਜਾਂ ਕੋੜ੍ਹ ਜਿਸ ਕਾਰਨ ਤੂੰ ਸਮੇਂ ਤੋਂ ਪਹਿਲਾਂ ਹੀ ਮਰ ਜਾਵੇਂਗਾ ।154।

ਇਸਤੋਂ ਬਾਅਦ ਸੁਰਾਦੇਵ ਸ਼੍ਰਮਣਾਂ ਦਾ ਉਪਾਸਕ ਧਰਮ ਧਿਆਨ ਵਿਚ ਸਥਿਰ ਰਿਹਾ ਦੇਵਤੇ ਨੇ ਦੂਸਰੀ ਤੇ ਤੀਸਰੀ ਵਾਰ ਇਸੇ ਪ੍ਰਕਾਰ ਕਿਹਾ ਕਿ ਤੂੰ ਮਾਰਿਆ ਜਾਵੇਂਗਾ ।155।

ਇਸ ਤੋਂ ਬਾਅਦ ਸੁਰਾਦੇਵ ਸ਼੍ਰਮਣਾਂ ਦਾ ਉਪਾਸਕ ਦੂਸਰੀ ਤੇ ਤੀਸਰੀ ਵਾਰ ਆਖਣ ਤੇ ਉਹ ਉਪਾਸਕ ਸੋਚਣ ਲਗਾ "ਇਹ ਪੁਰਸ਼ ਅਨਾਰੀਆ (ਦੁਸ਼ਟ) ਹੈ। ਅਨਾਰੀਆ (ਦੁਸ਼ਟ) ਕਰਮ ਕਰਨ ਵਾਲਾ ਹੈ, ਇਸਨੇ ਮੇਰੇ ਬੜੇ ਝੇ ਛੋਟੇ ਪੁੱਤਰ ਨੂੰ ਮਾਰ ਕੇ ਮੇਰੇ ਸ਼ਰੀਰ ਤੇ ਖੂਨ ਤੇ ਮਾਸ ਸੁਟਿਆ ਹੈ ਹੁਣ ਇਹ ਸਾਹ, ਖਾਂਸੀ ਅਤੇ ਕੋੜ੍ਹ ਆਦਿ ਸੋਲਾਂ ਰੋਗ ਮੇਰੇ ਸ਼ਰੀਰ ਨੂੰ ਲਾਉਣਾ ਚਾਹੁੰਦਾ ਹੈ, ਇਸ ਲਈ ਇਸਨੂੰ ਪਕੜਨਾ ਚਾਹੀਦਾ ਹੈ।" ਇਹ ਸੋਚ ਕੇ ਦੇਵਤੇ ਨੂੰ ਫੜਨ ਲਗਿਆ ਤਾਂ ਉਹ ਦੇਵਤਾ ਅਕਾਸ਼ ਵਿਚ ਉਡ ਗਿਆ। ਉਹ ਸ਼੍ਰਾਵਕ ਖੰਬਾ ਫੜਕੇ ਜੋਰ ਨਾਲ ਸ਼ੋਰ ਮਚਾਉਣ ਲਗਾ ।156।

ਇਸਤੋਂ ਬਾਅਦ ਸੁਰਾਦੇਵ ਸ਼੍ਰਮਣਾਂ ਦੇ ਉਪਾਸਕ ਦੀ ਪਤਨੀ ਸ਼ੋਰ ਸੁਣ ਕੇ ਆ ਗਈ ਅਤੇ ਆਖਣ ਲਗੀ "ਹੇ ਦੇਵਾਨੂਪ੍ਰਿਯ ਤੁਸੀਂ ਸ਼ੋਰ ਕਿਉਂ ਮਚਾਇਆ ਸੀ ?" ।157।

ਇਸ ਤੋਂ ਬਾਅਦ ਸੁਰਾਦੇਵ ਸ਼੍ਰਮਣਾਂ ਦੇ ਉਪਾਸਕ ਨੇ ਆਪਣੀ ਪਤਨੀ ਧੰਨਾ ਨੂੰ ਕਿਹਾ "ਹੇ ਦੇਵਾਨੂਪ੍ਰਿਯ ਇਥੇ ਕੋਈ ਆਦਮੀ ਆਇਆ ਸੀ" ਬਾਕੀ ਉਸਨੇ ਉਸ ਪ੍ਰਕਾਰ ਵਿਰਤਾਂਤ ਸੁਣਾਇਆ ਜਿਵੇਂ ਚੁਲਨੀਪਿਤਾ ਨੇ ਆਪਣੀ ਮਾਂ ਨੂੰ ਸੁਣਾਇਆ ਸੀ। ਧਨਾ ਨੇ ਕਿਹਾ ਤੁਹਾਡੇ ਪੁਤਰ ਰਾਜੀ ਖੁਸ਼ੀ ਹਨ ਤੁਹਾਡੇ ਸਰੀਰ ਵਿਚ ਇਕੋ ਸਮੇਂ 16 ਰੋਗ ਲਾਉਣ ਦਾ ਕਿਸੇ ਨੇ ਕਸ਼ਟ ਨਹੀਂ ਦਿਤਾ ਹੈ ਬਾਕੀ ਚੁਲਨੀਪਿਤਾ ਦੀ ਮਾਂ ਦੀ ਤਰ੍ਹਾਂ ਸੁਰਾਦੇਵ ਦੀ ਪਤਨੀ ਨੇ ਆਪਣੇ ਪਤੀ ਨੂੰ ਇਸ ਗਲ ਦਾ ਪ੍ਰਾਯਸ਼ਚਿਤ ਦੇ ਰੂਪ ਵਿਚ ਤਪ ਕਰਨ ਲਈ ਕਿਹਾ ਸੁਰਾਦੇਵ ਸ਼੍ਰਮਣਾਂ ਦਾ ਉਪਾਸਕ ਮਰ ਕੇ ਸੋਧਰਮ ਦੇਵ ਲੋਕ ਦੇ ਅਰੁਣਕਾਂਤ ਵਿਮਾਨ ਵਿਚ ਪੈਦਾ ਹੋਇਆ। ਉਥੇ ਉਸਦੀ ਉਮਰ 4 ਪਲਯੋਪਮ ਹੈ ਉਹ ਵੀ ਮਹਾਵਿਦੇਹ ਖੇਤਰ ਵਿਚ ਸਿਧ ਗਤੀ ਨੂੰ ਪ੍ਰਾਪਤ ਕਰੇਗਾ ।158।

---

16 ਰੋਗ ਇਸ ਪ੍ਰਕਾਰ ਹਨ (1) ਸਾਹ ਦਮਾ (2) ਖਾਂਸੀ (3) ਬੁਖਾਰ (4) ਪਿੱਤ ਜਾਂ ਸ਼ਰੀਰ ਦੀ ਜਲਨ (5) ਕਮਰ ਦੀ ਪੀੜ (6) ਪੇਟ ਵਿਚ ਵਾਰ ਵਾਰ ਦਰਦ ਉਠਨਾ (7) ਭਗੰਦਰ (8) ਬਵਾਸੀਰ (9) ਬਦ-ਹਜਮੀ (10) ਨਜ਼ਰ ਦੀ ਕਮਜ਼ੋਰੀ (11) ਸਿਰ ਦਰਦ (12) ਭੁਖ ਨਾ ਲਗਨਾ (13) ਅੱਖ ਦੁਖਨਾ (14) ਕੰਨਾਂ ਦਾ ਰੋਗ ਜਾਂ ਦਰਦ (15) ਖਾਜ (16) ਕੋੜ੍ਹ



# ● ਪ ●

ਆਲਭਿੱਕਾ ਨਗਰੀ ਵਾਸੀ ਚੁਲਸ਼ਤਕ 12 ਵਰਤ ਧਾਰੀ ਸ਼੍ਰਾਵਕ ਦਾ ਸੰਖੇਪ ਵਰਨਣ ਇਸ ਅਧਿਐਨ ਵਿਚ ਕੀਤਾ ਗਿਆ ਹੈ। ਇਸਦਾ ਧਿਆਨ ਭੰਗ ਕਰਨ ਲਈ ਵੀ ਇਕ ਦੇਵਤਾ ਪ੍ਰਗਟ ਹੋਕੇ ਬੜੇ ਪੁੱਤਰ ਨੂੰ ਮਾਰਨ ਦੀ ਧਮਕੀ ਦਿੰਦਾ ਹੈ। ਧਨ ਨਾਸ਼ ਕਰਨ ਤੇ ਮੌਤ ਦੀ ਧਮਕੀ ਦਿੰਦਾ ਹੈ। ਇਸ ਨੂੰ ਵੀ ਇਸ ਦੀ ਪਤਨੀ ਇਸ ਸ਼੍ਰਾਵਕ ਨੂੰ ਇਸ ਦੀ ਪਤਨੀ ਧਰਮ ਵਿਚ ਸਥਾਪਿਤ ਕਰਦੀ ਹੈ। ਇਹ ਵੀ ਅੰਤਮ ਸਮੇਂ ਧਰਮ ਦਾ ਪਾਲਨ ਕਰਦਾ ਹੋਇਆ ਸੌਧਰਮ ਦੇਵ ਲੋਕ ਵਿਚ ਅਰੁਣ ਸਰੇਸ਼ਟ ਸਾਧਕ ਵਿਮਾਨ ਵਿਚ 4 ਪਲਯੋਪਮ ਵਾਲੀ ਉਮਰ ਵਾਲਾ ਦੇਵਤਾ ਬਣਦਾ ਹੈ। ਭਵਿੱਖ ਵਿਚ ਮਰ ਕੇ ਇਹ ਵੀ ਸਿੱਧ ਬੁੱਧ ਮੁਕਤ ਹੋਵੇਗਾ।

# ਪੰਜਵਾਂ ਅਧਿਐਨ

ਪੰਜਵੇਂ ਅਧਿਐਨ ਦਾ ਨਿਕਸ਼ੇਪ (ਪਹਿਲੇ ਅਧਿਐਨ ਦੀ ਤਰ੍ਹਾਂ ਵਾਰਤਾਲਾਪ)

ਭਗਵਾਨ ਸੁਧਰਮਾ ਸਵਾਮੀ ਆਖਦੇ ਹਨ "ਹੇ ਜੰਬੂ ! ਉਸ ਕਾਲ ਉਸ ਸਮੇਂ ਵਿਚ ਆਲਭਿਕਾ ਨਾਂ ਦੀ ਨਗਰੀ ਸੀ ਉਥੇ ਸੰਖਬਨ ਨਾਂ ਦਾ ਬਾਗ ਸੀ। ਜਿਤਸ਼ਤਰੂ ਨਾਂ ਦਾ ਰਾਜਾ ਰਾਜ ਕਰਦਾ ਸੀ ਉਥੇ ਚੁਲਸ਼ਤਕ ਸ਼੍ਰਮਣਾਂ ਦਾ ਉਪਾਸਕ ਰਹਿੰਦਾ ਸੀ। ਉਹ ਰਿਧੀ ਸਿਧੀ ਨਾਲ ਭਰਪੂਰ ਸੀ। ਉਸ ਕੋਲ 6 ਕਰੋੜ ਸੋਨੇ ਦੀਆਂ ਮੋਹਰਾਂ ਦਾ ਖਜ਼ਾਨਾ ਸੀ। 6 ਕਰੋੜ ਸੋਨੇ ਦੀਆਂ ਮੋਹਰਾਂ ਵਿਉਪਾਰ ਵਿਚ ਲਗੀਆਂ ਹੋਈਆਂ ਸਨ। 6 ਕਰੋੜ ਸੋਨੇ ਦੀਆਂ ਮੋਹਰਾਂ ਘਰ ਦੇ ਸਮਾਨ ਵਿਚ ਲਗੀਆਂ ਹੋਈਆਂ ਸਨ। ਉਸਦੇ ਪਾਸ 10000 ਗਾਵਾਂ ਦੇ ਹਿਸਾਬ ਦੇ 6 ਬ੍ਰਿਜ ਸਨ। ਉਸਦੀ ਪਤਨੀ ਦਾ ਨਾਂ ਬਹੁਲਾ ਸੀ (ਭਗਵਾਨ ਮਹਾਵੀਰ ਉਸੇ ਸ਼ਹਿਰ ਵਿਚ ਪਧਾਰੇ) ਧਰਮ ਸਭਾ ਲਗੀ ਜਿਵੇਂ ਆਨੰਦ ਨੇ ਗ੍ਰਹਿਸਥ ਧਰਮ ਗ੍ਰਹਿਣ ਕੀਤਾ ਉਸੇ ਪ੍ਰਕਾਰ ਚੁਲਸ਼ਤਕ ਵੀ 12 ਵਰਤ ਰੂਪੀ ਗ੍ਰਹਿਸਥ ਧਰਮ ਦੀ ਅਰਾਧਨਾ ਕਰਨ ਲਗਾ। ਬਾਕੀ ਜਿਵੇਂ ਕਾਮਦੇਵ ਨੇ ਧਰਮ ਸਵੀਕਾਰ ਕੀਤਾ ਉਸੇ ਪ੍ਰਕਾਰ ਉਹ ਵੀ ਪੋਸ਼ਧਸ਼ਾਲਾ ਵਿਚ ਪੋਸ਼ਧ ਕਰਨ ਲਗਾ।159।

ਇਸਤੋਂ ਬਾਅਦ ਚੁਲਸ਼ਤਕ ਸ਼੍ਰਮਣਾਂ ਦੇ ਉਪਾਸਕ ਕੋਲ ਅਧੀ ਰਾਤ ਸਮੇਂ ਇਕ ਦੇਵਤਾ ਹਥ ਵਿਚ ਤਲਵਾਰ ਲੈਕੇ ਆਇਆ ਅਤੇ ਆਖਣ ਲਗਾ "ਉਏ ਚੁਲਸ਼ਤਕ ਜੇ ਤੂੰ ਸ਼ੀਲ ਆਦਿ ਵਰਤਾਂ ਨੂੰ ਨਹੀਂ ਛਡੇਂਗਾ ਤਾਂ ਮੈਂ ਤੇਰੇ ਸਾਹਮਣੇ ਤੇਰੇ ਬੜੇ ਪੁੱਤਰ ਨੂੰ ਮਾਰ ਦੇਵਾਂਗਾ ਇਹ ਸਭ ਕੁਝ ਉਸ ਪ੍ਰਕਾਰ ਕਿਹਾ ਜਿਵੇਂ ਚੁਲਨੀਪਿਤਾ ਨੂੰ ਦੇਵਤੇ ਨੇ ਕਿਹਾ ਸੀ ਫਰਕ ਇਹੋ ਹੈ ਕਿ ਇਥੇ ਇਹ ਸਰੀਰ ਦਾ ਇਕ ਟੁਕੜਾ ਨਹੀਂ ਸਤ, ਟੁਕੜੇ ਕਰਨ ਦੀ ਧਮਕੀ ਦਿਤੀ ਇਸੇ ਪ੍ਰਕਾਰ ਛੋਟੇ ਪੁਤਰ ਨਾਲ ਕੀਤਾ ਅਤੇ ਮਾਸ ਚੁਲਸ਼ਤਕ ਦੇ ਸ਼ਰੀਰ ਤੇ ਸੁਟਿਆ ਲਹੂ ਦੇ ਛਿੱਟੇ ਸੁਟੇ ਪਰ ਚੁਲਸ਼ਤਕ ਸ਼੍ਰਮਣਾਂ ਦਾ ਉਪਾਸਕ ਸ਼ਾਂਤ ਤੇ ਧਿਆਨ ਵਿਚ ਲਗਾ ਰਿਹਾ। ।160।

ਇਸ ਤੋਂ ਬਾਅਦ ਦੇਵਤੇ ਨੇ ਚੌਥੀ ਵਾਰ ਇਸੇ ਪ੍ਰਕਾਰ ਕਿਹਾ "ਹੇ ਚੁਲਸ਼ਤਕ ਸ਼੍ਰਮਣਾਂ ਦੇ ਉਪਾਸਕ ! ਜੇ ਤੂੰ ਸ਼ੀਲ ਆਦਿ ਵਰਤ ਭੰਗ ਨਹੀਂ ਕਰਦਾ ਤਾਂ ਜੋ ਤੇਰੀਆਂ 6 ਕਰੋੜ ਸੋਨੇ ਦੀਆਂ ਮੋਹਰਾਂ ਦਾ ਖਜਾਨਾ 6 ਕਰੋੜ ਸੋਨੇ ਦੀਆਂ ਮੋਹਰਾਂ ਵਿਉਪਾਰ ਵਿਚ ਲਗੀਆਂ ਮੋਹਰਾਂ ਅਤੇ 6 ਕਰੋੜ ਘਰ ਦੇ ਸਮਾਨ ਵਿਚ ਲਗੀਆਂ ਮੋਹਰਾਂ ਚੌਕ ਵਿਚ ਖਿਖੇਰ ਦੇਵਾਂਗਾ ਜਿਸ ਕਾਰਨ ਤੂੰ ਦੁਖੀ ਹੋਕੇ ਮੌਤ ਤੋਂ ਪਹਿਲਾਂ ਮਰ ਜਾਵੇਂਗਾ।161।

ਇਸਤੋਂ ਬਾਅਦ ਦੇਵਤੇ ਦੇ ਇਸ ਪ੍ਰਕਾਰ ਆਖਣ ਤੇ ਚੁਲਸ਼ਤਕ ਸ਼੍ਰਮਣਾਂ ਦਾ ਉਪਾਸਕ ਧਰਮ ਵਿਚ ਸਥਿਰ ਰਿਹਾ ।162।

ਇਸਤੋਂ ਬਾਅਦ ਦੇਵਤੇ ਨੇ ਉਸਨੂੰ ਨਿਡਰ ਵੇਖ ਕੇ ਦੂਸਰੀ ਤੇ ਤੀਸਰੀ ਵਾਰ ਉਸੇ ਪ੍ਰਕਾਰ ਕਿਹਾ ਕਿ ਤੂੰ ਮਾਰਿਆ ਜਾਵੇਂਗਾ ।163।

ਇਸਤੋਂ ਬਾਅਦ ਚੁਲਸ਼ਤਕ ਸ਼੍ਰਮਣਾਂ ਦਾ ਉਪਾਸਕ ਦੇਵਤੇ ਦੇ ਦੂਸਰੀ ਤੇ ਤੀਸਰੀ ਵਾਰ ਆਖਣ ਤੇ ਸੋਚਣ ਲਗਾ "ਇਹ ਪੁਰਸ਼ ਅਨਾਰੀਆ ਹੈ ਇਸਨੇ ਮੇਰੇ ਬੜੇ ਤੇ ਛੋਟੇ ਪੁੱਤਰ ਨੂੰ ਮਾਰ ਕੇ ਮੇਰੇ ਸ਼ਰੀਰ ਨੂੰ ਮਾਸ ਤੇ ਖੂਨ ਨਾਲ ਸਿੰਝਿਆ ਹੈ ਹੁਣ ਇਹ ਮੇਰੇ 6 ਕਰੋੜ ਸੋਨੇ ਦੀਆਂ ਮੋਹਰਾਂ ਦੇ ਖਜ਼ਾਨੇ, 6 ਕਰੋੜ ਵਪਾਰ ਵਿਚ ਲਗੀਆਂ ਸੋਨੇ ਦੀਆਂ ਮੋਹਰਾਂ ਤੇ 6 ਕਰੋੜ ਘਰ ਵਿਚ ਲਗੀਆਂ ਸੋਨੇ ਦੀਆਂ ਮੋਹਰਾਂ ਨੂੰ ਚੌਕ ਵਿਚ ਸੁਟਨਾ ਚਾਹੁੰਦਾ ਹੈ ਇਸ ਲਈ ਇਸਨੂੰ ਫੜਨਾ ਠੀਕ ਹੈ, ਇਹ ਸੋਚ ਕੇ ਉਸਨੇ ਸੁਰਾਦੇਵ ਦੀ ਤਰ੍ਹਾਂ ਕੀਤਾ । ਉਸਦੀ ਪਤਨੀ ਨੇ ਸ਼ੋਰ ਮਚਾਉਣ ਦਾ ਕਾਰਨ ਪੁਛਿਆ । ਉਸਨੇ ਸਾਰਾ ਵਰਨਣ ਆਪਣੀ ਪਤਨੀ ਨੂੰ ਦਸਿਆ ਜਿਵੇਂ ਸੁਰਾਦੇਵ ਨੇ ਦਸਿਆ ਸੀ ।164।

ਇਸ ਸ਼੍ਰਾਵਕ ਦਾ ਬਾਕੀ ਦਾ ਵਰਨਣ ਚੁਲਨੀਪਿਤਾ ਦੀ ਤਰ੍ਹਾਂ ਜਾਨਣਾ ਚਾਹੀਦਾ ਹੈ ਇਹ ਵੀ ਸੌਧਰਮਕਲਪ ਦੇਵ ਲੋਕ ਦੇ ਅਰੁਣ ਸ੍ਰੇਸ਼ਟ ਨਾਂ ਦੇ ਵਿਮਾਨ ਵਿਚ ਪੈਦਾ ਹੋਇਆ ਉਥੇ ਇਸ ਦੀ ਉਮਰ 4 ਪਲਯੋਪਮ ਹੈ ਇਹ ਵੀ ਮਹਾਵਿਦੇਹ ਖੇਤਰ ਵਿਚ ਜਨਮ ਲੈ ਕੇ ਸਿਧ ਬਣੇਗਾ ।165।

ਬਾਕੀ ਵਰਨਣ ਪਹਿਲੇ ਅਧਿਐਨ ਦੀ ਤਰ੍ਹਾਂ ਜਾਨਣਾ ਚਾਹੀਦਾ ਹੈ